Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
*Award winning news paper* | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | **Vol 20* Issue 241** | **Wednesday, December 08, 2021** | **Tel: 905-793-2202 | Fax: 905-793-2282 | news@punjabipost.ca** *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਕਨਵਰਜ਼ਨ ਥੈਰੇਪੀ ਉੱਤੇ ਰੋਕ ਸਬੰਧੀ ਬਿੱਲ ਸੈਨੇਟ ਵੱਲੋਂ ਪਾਸ



ਓਟਵਾ, 7 ਦਸੰਬਰ (ਪੋਸਟ ਬਿਊਰੋ) : ਬਿੱਲ ਸੀ-4 ਉੱਤੇ ਸੈਨੇਟ ਵੱਲੋਂ ਮੋਹਰ ਲਾ ਦਿੱਤੇ ਜਾਣ ਤੋਂ ਬਾਅਦ ਕੈਨੇਡਾ ਭਰ ਵਿੱਚ ਕਨਵਰਜ਼ਨ ਥੈਰੇਪੀ ਉੱਤੇ ਜਲਦ ਹੀ ਪਾਬੰਦੀ ਲੱਗ ਜਾਵੇਗੀ। ਪਿਛਲੇ ਕੁੱਝ ਸਾਲਾਂ ਵਿੱਚ ਇਸ ਨੁਕਸਾਨਦੇਹ ਰੁਝਾਨ ਉੱਤੇ ਰੋਕ ਲਾਉਣ ਲਈ ਦੋ ਵਾਰੀ ਕੋਸ਼ਿਸ਼ਾਂ ਕੀਤੀਆਂ ਗਈਆਂ। ਇਸ ਵਾਰੀ ਬਿੱਲ ਹਾਊਸ ਆਫ ਕਾਮਨਜ਼ ਤੇ ਸੈਨੇਟ ਵੱਲੋਂ ਬਿਨਾਂ ਕਿਸੇ ਤਬਦੀਲੀ ਜਾਂ ਕਮੇਟੀ ਸਟੱਡੀ ਦੇ ਇੱਕ ਹਫਤੇ ਅੰਦਰ ਹੀ ਪਾਸ ਹੋ ਗਿਆ। ਸ਼ਾਹੀ ਮਨਜ਼ੂਰੀ ਮਿਲਣ ਤੋਂ ਬਾਅਦ ਇਹ ਬਿੱਲ ਕਾਨੂੰਨ ਦਾ ਰੂਪ ਲੈ ਲਵੇਗਾ।

## ਫੋਰਡ ਸਰਕਾਰ ਨੇ ਪੇਡ ਸਿੱਕ ਡੇਅਜ਼ ਪ੍ਰੋਗਰਾਮ ਵਿਚ ਕੀਤਾ ਵਾਧਾ



ਓਨਟਾਰੀਓ, 7 ਦਸੰਬਰ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਪੇਡ ਸਿੱਕ ਡੇਅਜ਼ ਲਈ ਕੋਵਿਡ-19 ਪ੍ਰੋਗਰਾਮ ਵਿੱਚ 31 ਜੁਲਾਈ, 2022 ਤੱਕ ਵਾਧਾ ਕਰ ਦਿੱਤਾ ਗਿਆ ਹੈ। ਫੋਰਡ ਸਰਕਾਰ ਵੱਲੋਂ ਮੰਗਲਵਾਰ ਨੂੰ ਇਹ ਐਲਾਨ ਕੀਤਾ ਗਿਆ। ਇਹ ਪ੍ਰੋਗਰਾਮ ਇਸ ਸਾਲ ਦੇ ਅੰਤ ਵਿੱਚ ਖ਼ਤਮ ਹੋਣ ਜਾ ਰਿਹਾ ਸੀ।

ਫੋਰਡ ਸਰਕਾਰ ਵੱਲੋਂ ਇਸ ਪ੍ਰੋਗਰਾਮ ਦੀ ਸ਼ੁਰੂਆਤ ਅਪਰੈਲ ਵਿੱਚ ਕੀਤੀ ਗਈ ਸੀ। ਜਿਸ ਤਹਿਤ ਕੰਪਨੀਆਂ ਨੂੰ ਆਪਣੇ ਕਿਸੇ ਵੀ ਮੁਲਾਜ਼ਮ ਦੇ ਬਿਮਾਰ ਹੋਣ ਉੱਤੇ ਛੁੱਟੀ ਲੈਣ ਮਗਰੋਂ ਤਿੰਨ ਦਿਨਾਂ ਤੱਕ ਰੋਜ਼ਾਨਾ 200 ਡਾਲਰ ਦੇਣ ਦੀ ਹਦਾਇਤ ਕੀਤੀ ਗਈ ਸੀ। ਪ੍ਰੋਵਿੰਸ ਨੇ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਵਰਕਪਲੇਸ ਸੇਫਟੀ ਐਂਡ ਇੰਸ਼ੋਰੈਂਸ ਬੋਰਡ ਨਾਲ ਭਾਈਵਾਲੀ ਕੀਤੀ ਸੀ। ਇਹ ਪਲੈਨ ਫੁੱਲ ਤੇ ਪਾਰਟ ਟਾਈਮ ਮੁਲਾਜ਼ਮਾਂ ਲਈ ਉਪਲਬਧ ਹੈ। ਮੈਂਟਲ ਹੈਲਥ ਡੇਅਜ਼ ਲਈ ਯੋਗ ਹੋਣ ਵਾਲੇ ਵਰਕਰਜ਼ ਘਰ ਰਹਿ ਕੇ ਆਪਣੇ ਕੋਵਿਡ-19 ਕਾਰਨ ਬਿਮਾਰ ਪਏ ਰਿਸ਼ਤੇਦਾਰਾਂ ਜਾਂ ਪਰਿਵਾਰਕ ਮੈਂਬਰਾਂ ਦੀ ਦੇਖਭਾਲ ਕਰ ਸਕਦੇ ਹਨ।

ਲੇਬਰ ਮੰਤਰੀ ਮੌਂਟੀ ਮੈਕਨੌਟਨ ਨੇ ਆਖਿਆ ਕਿ ਸੈਂਕੜੇ ਵਰਕਰਜ਼ ਸਾਡੇ ਇਸ ਪ੍ਰੋਗਰਾਮ ਦੀ ਵਰਤੋਂ ਕਰ ਚੁੱਕੇ ਹਨ। ਇਹ ਪ੍ਰੋਗਰਾਮ ਦੇਸ਼ ਵਿੱਚ ਆਪਣੀ ਹੀ ਕਿਸਮ ਦਾ ਪਹਿਲਾ ਪ੍ਰੋਗਰਾਮ ਹੈ। ਉਨ੍ਹਾਂ ਆਖਿਆ ਕਿ ਸਾਡੀ ਸਰਕਾਰ ਵਰਕਰਜ਼ ਲਈ ਕੰਮ ਕਰ ਰਹੀ ਹੈ ਤੇ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਖੁਦ ਨੂੰ ਤੇ ਆਪਣੇ ਪਰਿਵਾਰਾਂ ਨੂੰ ਸੇਫ ਰੱਖਣ ਲਈ ਜਿਹੜੀ ਮਦਦ ਸਰਕਾਰ ਕਰ ਸਕਦੀ ਹੈ ਉਹ ਕੀਤੀ ਜਾਵੇ। ਉਨ੍ਹਾਂ ਆਖਿਆ ਕਿ ਇਸ ਪ੍ਰੋਗਰਾਮ ਵਿੱਚ ਇਸੇ ਲਈ ਵਾਧਾ ਕੀਤਾ ਜਾ ਰਿਹਾ ਹੈ ਤਾਂ ਕਿ ਵੱਧ ਤੋਂ ਵੱਧ ਵਰਕਰਜ਼ ਇਸ ਦਾ ਲਾਹਾ ਲੈ ਸਕਣ।

## ਮੇਡ ਇਨ ਕੈਨੇਡਾ ਕੋਵਿਡ-19 ਵੈਕਸੀਨਜ਼ ਦੇ ਮਨੁੱਖੀ ਟ੍ਰਾਇਲ ਲਈ ਮਿਲੀ ਹਰੀ ਝੰਡੀ

### ਦੋਵਾਂ ਵੈਕਸੀਨਜ਼ ਨੂੰ ਕੀਤਾ ਜਾਵੇਗਾ ਇਨਹੇਲ



ਟੋਰਾਂਟੋ, 7 ਦਸੰਬਰ (ਪੋਸਟ ਬਿਊਰੋ) : ਹੈਮਿਲਟਨ ਦੀ ਮੈਕਮਾਸਟਰ ਯੂਨੀਵਰਸਿਟੀ ਦੇ ਖੋਜਾਰਥੀਆਂ ਨੂੰ ਕੈਨੇਡਾ ਵਿੱਚ ਤਿਆਰ ਕੀਤੀਆਂ ਗਈਆਂ ਦੋ ਕੋਵਿਡ-19 ਵੈਕਸੀਨਜ਼ ਦੇ ਮਨੁੱਖੀ ਟ੍ਰਾਇਲ ਕਰਨ ਦੀ ਇਜਾਜ਼ਤ ਮਿਲ ਗਈ ਹੈ। ਇਹ ਵੈਕਸੀਨਜ਼ ਮਨੁੱਖੀ ਸ਼ਰੀਰ ਵਿੱਚ ਇੰਜੈਕਟ ਨਹੀਂ ਕੀਤੀਆਂ ਜਾਣਗੀਆਂ ਸਗੋਂ ਇਨਹੇਲ ਕੀਤੀਆਂ ਜਾਣਗੀਆਂ ਤੇ ਇਹ ਸਿੱਧਾ ਫੇਫੜਿਆਂ ਤੇ ਉੱਪਰੀ ਏਅਰਵੇਅਜ਼ ਉੱਤੇ ਅਸਰ ਕਰਣਗੀਆਂ।

ਅੱਜ ਜਾਰੀ ਕੀਤੀ ਗਈ ਰਲੀਜ਼ ਵਿੱਚ ਮੈਕਮਾਸਟਰ ਨੇ ਆਖਿਆ ਕਿ ਕਲੀਨਿਕਲ ਟ੍ਰਾਇਲਜ਼ ਦੇ ਪਹਿਲੇ ਫੇਜ਼ ਦੌਰਾਨ ਇਨਹੇਲ ਕੀਤੀ ਜਾਣ ਵਾਲੀ ਵੈਕਸੀਨ ਦੀ ਸੇਫਟੀ ਤੇ ਇਮਿਊਨ ਸਮਰੱਥਾ ਵੇਖਣੀ ਹੈ। ਇਹ ਇਨਹੇਲ ਕੀਤੀਆਂ ਜਾਣ ਵਾਲੀਆਂ ਵੈਕਸੀਨਜ਼ ਉਨ੍ਹਾਂ ਵਿਅਕਤੀਆਂ ਨੂੰ ਬੂਸਟਰ ਡੋਜ਼ ਵਜੋਂ ਦਿੱਤੀਆਂ ਜਾਣਗੀਆਂ ਜਿਨ੍ਹਾਂ ਨੂੰ ਕੋਵਿਡ-19 ਐਮਆਰਐਨਏ ਵੈਕਸੀਨ ਜਿਵੇਂ ਕਿ ਫਾਈਜ਼ਰ ਜਾਂ ਮੌਡਰਨਾ ਦੀਆਂ ਦੋ ਡੋਜ਼ ਦਿੱਤੀਆਂ ਜਾਣਗੀਆਂ। ਮੈਕਮਾਸਟਰ ਵੈਕਸੀਨਜ਼ ਵੱਲੋਂ ਤਿੰਨ ਸਾਰਸ ਕੋਵ ਪ੍ਰੋਟੀਨਜ਼, ਜਿਸ ਵਿੱਚ ਸਪਾਈਕ ਪ੍ਰੋਟੀਨ ਵੀ ਸ਼ਾਮਲ ਹੈ, ਦੀ ਵਰਤੋਂ ਕੀਤੀ ਗਈ ਹੈ ਤੇ ਇਹ ਕਰੋ-ਨਾਵਾਇਰਸ ਦੇ ਉਨ੍ਹਾਂ ਹਿੱਸਿਆਂ ਨੂੰ ਆਪਣਾ ਨਿਸ਼ਾਨਾ ਬਣਾਉਂਦੇ ਹਨ ਜਿਹੜੇ ਬਦਲਦੇ ਜਾਂ ਮਿਊਟੇਟ ਨਹੀਂ ਕਰਦੇ। ਰਲੀਜ਼ ਵਿੱਚ ਆਖਿਆ ਗਿਆ ਕਿ ਇੱਕ ਦੀ ਥਾਂ ਤਿੰਨ ਵੱਖ ਵੱਖ ਪ੍ਰੋਟੀਨਜ਼ ਖਿਲਾਫ ਇਮਿਊਨ ਸਿਸਟਮ ਨੂੰ ਐਕਟੀਵੇਟ ਕਰਨ ਨਾਲ ਵੇਰੀਐਂਟਸ ਆਫ ਕੰਸਰਨ ਖਿਲਾਫ ਬਿਹਤਰ ਪ੍ਰੋਟੈਕਸ਼ਨ ਮਿਲੇਗੀ।

## ਫੈਡਰਲ ਸਰਕਾਰ ਵੱਲੋਂ ਨਿਯੰਤਰਿਤ ਕੰਮ ਵਾਲੀਆਂ ਥਾਂਵਾਂ ਉੱਤੇ ਲਾਜ਼ਮੀ ਹੋਵੇਗੀ ਕੋਵਿਡ-19 ਵੈਕਸੀਨੇਸ਼ਨਜ਼



ਓਟਵਾ, 7 ਦਸੰਬਰ (ਪੋਸਟ ਬਿਊਰੋ) : ਟਰੂਡੋ ਸਰਕਾਰ ਵੱਲੋਂ 2022 ਦੇ ਸ਼ੁਰੂ ਤੱਕ ਫੈਡਰਲ ਪੱਧਰ ਉੱਤੇ ਨਿਯੰਤਰਿਤ ਸਾਰੀਆਂ ਕੰਮ ਵਾਲੀਆਂ ਥਾਂਵਾਂ ਉੱਤੇ ਕੋਵਿਡ-19 ਵੈਕਸੀਨ ਲਾਜ਼ਮੀ ਕਰਨ ਦੀ ਸੰਭਾਵਨਾ ਹੈ।

ਇਹ ਰੈਗੂਲੇਸ਼ਨਜ਼ ਹੈਲਥ ਤੇ ਸੇਫਟੀ ਮਾਪਦੰਡਾਂ ਸਬੰਧੀ ਮੌਜੂਦਾ ਨਿਯਮਾਂ, ਮਾਸਕ ਲਾਉਣਾ, ਹੱਥ ਧੋਣੇ ਤੇ ਫਿਜ਼ੀਕਲ ਡਿਸਟੈਂਸਿੰਗ ਬਣਾਈ ਰੱਖਣ ਦੇ ਨਾਲ ਲਾਗੂ ਕੀਤੀਆਂ ਜਾਣਗੀਆਂ। ਫੈਡਰਲ ਸਰਕਾਰ ਵੱਲੋਂ ਪ੍ਰਸਤਾਵਿਤ ਇਨ੍ਹਾਂ ਨਵੇਂ ਵੈਕਸੀਨ ਨਿਯਮਾਂ ਅਨੁਸਾਰ ਰੋਡ ਟਰਾਂਸਪੋਰਟੇਸ਼ਨ, ਟੈਲੀਕਮਿਊਨਿਕੇਸ਼ਨਜ਼ ਤੇ ਬੈਂਕਿੰਗ ਸੈਕਟਰ ਨਾਲ ਜੁੜੇ ਮੁਲਾਜ਼ਮਾਂ ਨੂੰ ਦੂਹਰੀ ਡੋਜ਼ ਜ਼ਰੂਰੀ ਹੋਵੇਗੀ।

ਪਬਲਿਕ ਸੈਕਟਰ, ਜਿਹੜੇ ਮੁਲਾਜ਼ਮ ਫੈਡਰਲ ਪੱਧਰ ਉੱਤੇ ਰੈਗੂਲੇਟਿਡ ਏਅਰ, ਰੇਲ, ਮਰੀਨ ਟਰਾਂਸਪੋਰਟੇਸ਼ਨ ਸੈਕਟਰਜ਼ ਤੇ ਟਰੈਵਲਰਜ਼, ਲਈ ਇਹ ਵੈਕਸੀਨੇਸ਼ਨ ਸ਼ਰਤਾਂ ਪਹਿਲਾਂ ਤੋਂ ਹੀ ਲਾਗੂ ਹਨ। ਆਰਸੀਐਮਪੀ ਅਧਿਕਾਰੀਆਂ ਨੂੰ ਵੀ ਵੈਕਸੀਨ ਦੇ ਦੋ ਸ਼ੌਟਸ ਲਵਾਉਣੇ ਲਾਜ਼ਮੀ ਹਨ।

## ਬੇਸਮੈਂਟ ਵਿੱਚ ਅੱਗ ਲੱਗਣ ਤੋਂ ਬਾਅਦ ਮਹਿਲਾ ਦੀ ਹੋਈ ਮੌਤ



ਟੋਰਾਂਟੋ, 7 ਦਸੰਬਰ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਪਾਰਕਡੇਲ ਵਿੱਚ ਇੱਕ ਘਰ ਨੂੰ ਅੱਗ ਲੱਗ ਜਾਣ ਤੋਂ ਬਾਅਦ ਇੱਕ ਮਹਿਲਾ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਬੇਸਮੈਂਟ ਵਿੱਚੋਂ ਬਾਹਰ ਕੱਢਿਆ ਗਿਆ ਪਰ ਥੋੜ੍ਹੀ ਦੇਰ ਬਾਅਦ ਉਸ ਦੀ ਮੌਤ ਹੋ ਗਈ। ਟੋਰਾਂਟੋ ਫਾਇਰਫਾਈਟਰਜ਼ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਸਵੇਰੇ 3:30 ਵਜੇ ਕੁਈਨ ਸਟਰੀਟ ਵੈਸਟ ਦੇ ਦੱਖਣ ਵੱਲ 61 ਵਿਲਸਨ ਪਾਰਕ ਰੋਡ ਉੱਤੇ ਸਥਿਤ ਘਰ ਵਿੱਚ ਅੱਗ ਲੱਗਣ ਦੀ ਰਿਪੋਰਟ ਮਿਲਣ ਤੋਂ ਬਾਅਦ ਉਹ ਫੌਰੀ ਉੱਥੇ ਪਹੁੰਚੇ। ...ਬਾਕੀ ਪੰਨਾ 3 'ਤੇ

Best Insurance Rates
Life * Auto * Home * Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axael Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
Home · Auto · Business · Trucking · Life Insurance · Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration · Real Estate · Family Law · Business Closing · Corporate · Wills & Estate · Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential · Commercial · Industrial
Specialist in Bedbugs Service
All Pest Control :
Mouse & Rats · Spiders & Fleas · Bedbugs · Wasps · Cockroaches · Carpenter Ants · Silver Fish · Racoons
Call : PARESH PATEL
416 938 4598

YES! Immigration
Yes we can...
Locations: Woodbridge, Mississauga, Scarborough
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇੰਮੀਗਰੇਸ਼ਨ ਸੇਵਾਵਾਂ 10-20% Discount
Raj Narang
Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor
Disability Insurance · Mortgage Insurance · Life Insurance · Visitor Insurance · Travel Insurance · RESP(Education Plan) · Critical Illness Insurance

INSURANCE MART INSURANCE COMPANY
Life Insurance · Critical Illness · Disability · Super Visa · Home and Auto Insurance
Gurdip Gill
(647)767-6665
gurdipgill1@hotmail.ca

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
JATINDERBIR S BAJWA Insurance Broker
Dir: 647-928-4990
www.ufsinsurance.com
# 25-831 Bovaird Dr. W. Brampton, ON L6X0T9

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


Canada Consumer Credit Assistance
ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜ਼ਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਕੈਂਸਰ ਤੋਂ ਪਹਿਲਾਂ ਵਾਲੇ ਸੈੱਲਾਂ ਦੀ ਪਛਾਣ ਮਗਰੋਂ ਡੀ ਵਿਲਾ ਦਾ ਹੋਵੇਗਾ ਆਪਰੇਸ਼ਨ

ਟੋਰਾਂਟੋ, 7 ਦਸੰਬਰ (ਪੋਸਟ ਬਿਊਰੋ) : ਰੂਟੀਨ ਸਕਰੀਨਿੰਗ ਦੌਰਾਨ ਕੈਂਸਰ ਤੋਂ ਪਹਿਲਾਂ ਵਾਲੇ ਸੈੱਲਾਂ ਦੀ ਪਛਾਣ ਹੋਣ ਮਗਰੋਂ ਟੋਰਾਂਟੋ ਦੀ ਮੈਡੀਕਲ ਆਫੀਸਰ ਆਫ ਹੈਲਥ ਐਲੀਨ ਡੀ ਵਿਲਾ ਦਾ ਬੁੱਧਵਾਰ ਨੂੰ ਆਪਰੇਸ਼ਨ ਕੀਤਾ ਜਾਵੇਗਾ।



ਐਲੀਨ ਡੀ ਵਿਲਾ 2017 ਤੋਂ ਟੋਰਾਂਟੋ ਮੈਡੀਕਲ ਆਫੀਸਰ ਆਫ ਹੈਲਥ ਵਜੋਂ ਕੰਮ ਕਰ ਰਹੀ ਹੈ ਤੇ ਟੋਰਾਂਟੋ ਪਬਲਿਕ ਹੈਲਥ ਯੂਨਿਟ ਦੀ ਦੇਖਰੇਖ ਦਾ ਕੰਮ ਉਨ੍ਹਾਂ ਦੇ ਜ਼ਿੰਮੇ ਹੈ। ਇੱਕ ਬਿਆਨ ਵਿੱਚ ਟੋਰਾਂਟੋ ਦੀ ਉੱਘੀ ਡਾਕਟਰ ਨੇ ਆਖਿਆ ਕਿ ਗਰਮੀਆਂ ਵਿੱਚ ਰੁਟੀਨ ਚੈੱਕ-ਅੱਪ ਦੌਰਾਨ ਉਨ੍ਹਾਂ ਦਾ ਮੈਮੋਗ੍ਰਾਮ ਕੀਤਾ ਗਿਆ, ਜਿਸ ਦੌਰਾਨ ਕੈਂਸਰ ਤੋਂ ਪਹਿਲਾਂ ਵਾਲੇ ਸੈੱਲ ਪਾਏ ਗਏ।

ਡੀ ਵਿਲਾ ਨੇ ਆਖਿਆ ਕਿ ਇਸ ਤੋਂ ਅਗਾਂਹ ਕੋਈ ਵੀ ਇਲਾਜ ਆਪਰੇਸ਼ਨ ਤੋਂ ਬਾਅਦ ਹੀ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਕਹਾਣੀ ਕੋਈ ਅਲੋਕਾਰੀ ਨਹੀਂ ਹੈ। ਟੋਰਾਂਟੋ ਭਰ ਦੀਆਂ ਮਹਿਲਾਵਾਂ ਨੂੰ ਇਸ ਤਰ੍ਹਾਂ ਦੀਆਂ ਖਬਰਾਂ ਆਏ ਦਿਨ ਮਿਲਦੀਆਂ ਰਹਿੰਦੀਆਂ ਹਨ। ਉਨ੍ਹਾਂ ਆਖਿਆ ਕਿ ਟੋਰਾਂਟੋ ਪਬਲਿਕ ਹੈਲਥ ਦਾ ਚਾਰਜ ਡਿਪਟੀ ਮੈਡੀਕਲ ਆਫੀਸਰ ਆਫ ਹੈਲਥ ਡਾ. ਨਾ ਕੋਸ਼ੀ ਲੈਂਪਟੇ ਸਾਂਭਣਗੇ ਤੇ ਉਨ੍ਹਾਂ ਦੀ ਗੈਰਹਾਜ਼ਰੀ ਵਿੱਚ ਉਹ ਕਾਰਜਕਾਰੀ ਮੈਡੀਕਲ ਆਫੀਸਰ ਆਫ ਹੈਲਥ ਹੋਣਗੇ। ਡੀ ਵਿਲਾ ਨੇ ਆਖਿਆ ਕਿ ਆਪਰੇਸ਼ਨ ਤੋਂ ਬਾਅਦ ਉਹ 20 ਦਸੰਬਰ ਨੂੰ ਕੰਮ ਉੱਤੇ ਪਰਤੇਗੀ।

ਇਸ ਦੌਰਾਨ ਮੇਅਰ ਜੌਹਨ ਟੋਰੀ, ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ, ਸਿਹਤ ਮੰਤਰੀ ਕ੍ਰਿਸਟੀਨ ਐਲੀਅਟ, ਮਿਸੀਸਾਗਾ ਦੇ ਮੇਅਰ ਬੌਨੀ ਕ੍ਰੌਂਬੀ ਤੇ ਸਿਟੀ ਕਾਊਂਸਲਰ ਜੋਈ ਕ੍ਰੈਸੀ ਵੱਲੋਂ ਡੀ ਵਿਲਾ ਨੂੰ ਜਲਦ ਤੋਂ ਜਲਦ ਸਿਹਤਯਾਬ ਹੋਣ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ ਗਈਆਂ।

# ਕੋਵਿਡ-19 ਕਾਰਨ ਮੁੜ ਵਿਗੜ ਰਹੇ ਹਾਲਾਤ ਕਾਰਨ ਓਨਟਾਰੀਓ ਨੇ ਰੀਓਪਨਿੰਗ ਪਲੈਨ ਉੱਤੇ ਲਾਈ ਰੋਕ

ਓਨਟਾਰੀਓ, 7 ਦਸੰਬਰ (ਪੋਸਟ ਬਿਊਰੋ) : ਕੋਵਿਡ-19 ਮਾਮਲਿਆਂ ਵਿੱਚ ਲਗਾਤਾਰ ਹੋ ਰਹੇ ਵਾਧੇ ਨੂੰ ਧਿਆਨ ਵਿੱਚ ਰੱਖਦਿਆਂ ਓਨਟਾਰੀਓ ਸਰਕਾਰ ਵੱਲੋਂ ਆਪਣੇ ਰੀਓਪਨਿੰਗ ਪਲੈਨ ਦੇ ਅਗਲੇ ਕਦਮ ਨੂੰ ਅਣਮਿੱਥੇ ਸਮੇਂ ਲਈ ਰੋਕ ਦਿੱਤਾ ਗਿਆ ਹੈ।

15 ਨਵੰਬਰ ਨੂੰ ਜਿੱਥੇ ਵੈਕਸੀਨੇਸ਼ਨ ਦੇ ਸਬੂਤ ਦੀ ਲੋੜ ਸੀ ਉਨ੍ਹਾਂ ਹਾਈ ਰਿਸਕ ਸੈਟਿੰਗਜ਼ ਵਿੱਚ ਕਪੈਸਿਟੀ ਲਿਮਿਟ ਹਟਾਈਆਂ ਜਾਣੀਆਂ ਚਾਹੀਦੀਆਂ ਸਨ। ਪਰ ਮਾਮਲਿਆਂ ਵਿੱਚ ਇਜਾਫਾ ਹੋਣ ਤੋਂ ਬਾਅਦ 10 ਨਵੰਬਰ ਨੂੰ ਘੱਟੋ ਘੱਟ 28 ਦਿਨਾਂ ਲਈ ਇਸ ਵਿੱਚ ਦੇਰ ਕਰ ਦਿੱਤੀ ਗਈ ਸੀ। ਮੰਗਲਵਾਰ ਨੂੰ ਸਰਕਾਰ ਨੇ ਐਲਾਨ ਕੀਤਾ ਕਿ ਪਬਲਿਕ ਹੈਲਥ ਤਹਿਤ ਰੁਝਾਨ ਦੀ ਨਿਗਰਾਨੀ ਕਰਨ ਲਈ ਤੇ ਓਮਾਈਕ੍ਰੌਨ ਵੇਰੀਐਂਟ ਦੇ ਮਾਮਲਿਆਂ ਵਿੱਚ ਦਿਨੋਂ ਦਿਨ ਹੋ ਰਹੇ ਵਾਧੇ ਨੂੰ ਧਿਆਨ ਵਿੱਚ ਰੱਖਦਿਆਂ ਰੀਓਪਨਿੰਗ ਪਲੈਨ ਉੱਤੇ ਹਾਲ ਦੀ ਘੜੀ ਰੋਕ ਲਾਈ ਜਾ ਰਹੀ ਹੈ ।




ਇਨ੍ਹਾਂ ਪਾਬੰਦੀਆਂ ਨੂੰ ਕਦੋਂ ਹਟਾਇਆ ਜਾਵੇਗਾ ਇਸ ਸਬੰਧ ਵਿੱਚ ਕੋਈ ਤਰੀਕ ਜਾਰੀ ਨਹੀਂ ਕੀਤੀ ਗਈ ਹੈ। ਇਹ ਹਾਈ ਰਿਸਕ ਸੈਟਿੰਗਜ਼ ਹੇਠ ਲਿਖੀਆਂ ਹਨ :

- ਡਾਂਸ ਫੈਸਿਲਿਟੀਜ਼ ਵਾਲੀਆਂ ਫੂਡ ਜਾਂ ਡਰਿੰਕ ਵਾਲੀਆਂ ਥਾਂਵਾਂ ਜਿਵੇਂ ਕਿ ਨਾਈਟ ਕਲੱਬਜ਼ ਤੇ ਵੈਡਿੰਗ ਰਿਸੈਪਸ਼ਨਜ਼ ਆਯੋਜਿਤ ਕਰਨ ਵਾਲੀਆਂ ਥਾਂਵਾਂ ਜਿੱਥੇ ਡਾਂਸ ਕਰਨ ਦਾ ਪ੍ਰਬੰਧ ਹੋਵੇ
- ਸਟ੍ਰਿੱਪ ਕਲੱਬ
- ਸੈਕਸ ਕਲੱਬ ਤੇ ਬਾਥਹਾਊਸ

ਇਸ ਸਮੇਂ ਜਾਰੀ ਪਾਬੰਦੀਆਂ ਤਹਿਤ ਨਾਈਟਕਲੱਬਜ਼ ਤੇ ਬਾਥਹਾਊਸਿਜ਼ 25 ਫੀ ਸਦੀ ਸਮਰੱਥਾ ਜਾਂ 250 ਪੈਟਰਨਜ਼, ਜੋ ਵੀ ਘੱਟ ਹੋਵੇ,ਨਾਲ ਖੁੱਲ੍ਹਣ ਦੀ ਇਜਾਜ਼ਤ ਹੈ। ਸਟ੍ਰਿੱਪ ਕਲੱਬ ਉੱਤੇ ਕੋਈ ਕਪੈਸਿਟੀ ਲਿਮਿਟ ਨਹੀਂ ਹੈ। ਪਰ ਅਜਿਹੇ ਅਦਾਰਿਆਂ ਨੂੰ ਇਹ ਹਦਾਇਤਾਂ ਹਨ ਕਿ ਗਰੁੱਪਜ਼ ਦਰਮਿਆਨ ਘੱਟੋ ਘੱਟ ਦੋ ਮੀਟਰ ਦੀ ਫਿਜ਼ੀਕਲ ਦੂਰੀ ਹੋਣੀ ਜ਼ਰੂਰੀ ਹੈ।

# ਬੇਸਮੈਂਟ ਵਿੱਚ ਅੱਗ ਲੱਗਣ ਤੋਂ ਬਾਅਦ ਮਹਿਲਾ ਦੀ ਹੋਈ ਮੌਤ

...ਪੰਨਾ 1 ਦਾ ਬਾਕੀ

ਡਿਪਟੀ ਚੀਫ ਜਿੰਮ ਜੈਸਪ ਨੇ ਆਖਿਆ ਕਿ ਉਨ੍ਹਾਂ ਨੂੰ ਇੱਕ ਘਰ ਅੱਗ ਦੀਆਂ ਲਪਟਾਂ ਵਿੱਚ ਘਿਰਿਆ ਮਿਲਿਆ। ਘਰ ਵਿੱਚ ਦਾਖਲ ਹੋਣ ਉੱਤੇ ਉਨ੍ਹਾਂ ਨੂੰ ਇੱਕ ਮਹਿਲਾ ਘਰ ਦੇ ਅੰਦਰ ਬੇਹੋਸ਼ ਮਿਲੀ। ਪੈਰਾਮੈਡਿਕਸ ਨੇ ਦੱਸਿਆ ਕਿ ਉਸ ਨੂੰ ਬਾਅਦ ਵਿੱਚ ਮ੍ਰਿਤਕ ਐਲਾਨ ਦਿੱਤਾ ਗਿਆ।

ਉਸ ਮਹਿਲਾ ਦੀ ਪਛਾਣ ਨਹੀਂ ਹੋ ਸਕੀ ਹੈ। ਅੱਗ ਦੀਆਂ ਲਪਟਾਂ ਤੇ ਧੂੰਆਂ ਐਨਾ ਸੰਘਣਾ ਸੀ ਕਿ ਫਾਇਰ ਕ੍ਰਿਊ ਘਰ ਦੀ ਪੂਰੀ ਤਰ੍ਹਾਂ ਜਾਂਚ ਵੀ ਨਹੀਂ ਕਰ ਸਕਿਆ। ਫਾਇਰ ਚੀਫ ਮੈਥਿਊ ਪੈਗ ਨੇ ਆਖਿਆ ਕਿ ਘਰ ਵਿੱਚ ਤਿੰਨ ਲੋਕ ਹੀ ਰਹਿੰਦੇ ਸਨ। ਇੱਕ ਬਚ ਨਿਕਲਿਆ, ਇੱਕ ਦੀ ਮੌਤ ਹੋ ਗਈ ਤੇ ਇੱਕ ਬਾਰੇ ਅਜੇ ਤੱਕ ਕੁੱਝ ਪਤਾ ਨਹੀਂ ਲੱਗ ਸਕਿਆ ਹੈ। ਘਰ ਦੇ ਅੰਦਰੂਨੀ ਹਿੱਸੇ ਵਿੱਚ ਢਾਂਚਾਗਤ ਨੁਕਸਾਨ ਵੀ ਪਹੁੰਚਿਆ ਹੈ ਤੇ ਇੱਕ ਪੌੜੀਆਂ ਢਹਿ ਗਈਆਂ ਵੀ ਦੱਸੀਆਂ ਜਾਂਦੀਆਂ ਹਨ।

ਇੱਕ ਵਾਰੀ ਅੱਗ ਉੱਤੇ ਪੂਰੀ ਤਰ੍ਹਾਂ ਕਾਬੂ ਪਾਏ ਜਾਣ ਤੋਂ ਬਾਅਦ ਹੀ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਲਾਇਆ ਜਾਵੇਗਾ।

# ਘਰ ਵਿੱਚ ਲੱਗੀ ਅੱਗ ਕਾਰਨ 2 ਦੀ ਹੋਈ ਮੌਤ

ਓਨਟਾਰੀਓ, 7 ਦਸੰਬਰ (ਪੋਸਟ ਬਿਊਰੋ) : ਪਾਰਕਡੇਲ ਵਿੱਚ ਤੜਕੇ ਲੱਗੀ ਅੱਗ ਵਿੱਚ ਦੋ ਵਿਅਕਤੀਆਂ ਦੇ ਮਾਰੇ ਜਾਣ ਦੀ ਪੁਸ਼ਟੀ ਹੋ ਗਈ ਹੈ। ਸਵੇਰੇ 3:30 ਉੱਤੇ ਲੱਗੀ ਅੱਗ ਤੋਂ ਬਾਅਦ ਕੁਈਨ ਸਟਰੀਟ ਵੈਸਟ ਤੇ ਰੌਂਸੈਸਵਾਲਸ ਐਵਨਿਊ ਨੇੜੇ ਵਿਲਸਨ ਪਾਰਕ ਰੋਡ ਉੱਤੇ ਸਥਿਤੀ ਤਿੰਨ ਮੰਜ਼ਿਲਾ ਇਮਾਰਤ ਵਿੱਚ ਲੱਗੀ ਅੱਗ ਤੋਂ ਬਾਅਦ ਫਾਇਰਫਾਈਟਰਜ਼ ਨੂੰ ਸੱਦਿਆ ਗਿਆ। ਫਾਇਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਧੂੰਆਂ ਤੇ ਅੱਗ ਦੀਆਂ ਲਪਟਾਂ ਬੇਸਮੈਂਟ ਤੋਂ ਸ਼ੁਰੂ ਹੋ ਕੇ ਛੱਤ ਤੱਕ ਪਹੁੰਚੀਆਂ। ਫਾਇਰਫਾਈਟਰਜ਼ ਨੂੰ ਸੱਭ ਤੋਂ ਪਹਿਲਾਂ ਧੂੰਏ ਨਾਲ ਦੋ ਚਾਰ ਕਰਨਾ ਪਿਆ।




ਪੈਰਾਮੈਡਿਕਸ ਨੇ ਆਖਿਆ ਕਿ ਇੱਕ ਮਹਿਲਾ ਨੂੰ ਘਰ ਵਿੱਚੋਂ ਬਾਹਰ ਕੱਢਣ ਤੋਂ ਬਾਅਦ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਪਰ ਉਸ ਦੀ ਉਮਰ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ। ਮੰਗਲਵਾਰ ਨੂੰ ਸਵੇਰੇ ਮਿਲੀ ਅਪਡੇਟ ਅਨੁਸਾਰ ਟੋਰਾਂਟੋ ਫਾਇਰ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਉਸ ਘਰ ਵਿੱਚ ਇੱਕ ਹੋਰ ਵਿਅਕਤੀ ਦੀ ਵੀ ਮੌਤ ਹੋਈ। ਪਰ ਘਰ ਦੇ ਢਾਂਚੇ ਦੇ ਢਿੱਲਾ ਪੈਣ ਕਾਰਨ ਉਸ ਵਿਅਕਤੀ ਦੀ ਲਾਸ਼ ਘਰ ਵਿੱਚੋਂ ਕੱਢੀ ਨਹੀਂ ਜਾ ਸਕੀ।

ਫਾਇਰ ਚੀਫ ਮੈਥਿਊ ਪੈਗ ਨੇ ਆਖਿਆ ਕਿ ਘਰ ਵਿੱਚ ਰਹਿਣ ਵਾਲਾ ਹੋਰ ਸ਼ਖ਼ਸ ਖੁਦ ਨੂੰ ਬਚਾਅ ਕੇ ਬਾਹਰ ਨਿਕਲਣ ਵਿੱਚ ਕਾਮਯਾਬ ਰਿਹਾ। ਉਸ ਦਾ ਇਲਾਜ ਮੌਕੇ ਉੱਤੇ ਹੀ ਕਰ ਦਿੱਤਾ ਗਿਆ ਤੇ ਹੁਣ ਉਸ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਅੱਗ ਲੱਗਣ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ।

# ਵੱਖ ਵੱਖ ਹਾਦਸਿਆਂ ਵਿੱਚ ਦੋ ਜ਼ਖ਼ਮੀ

ਟੋਰਾਂਟੋ, 8 ਦਸੰਬਰ (ਪੋਸਟ ਬਿਊਰੋ) : ਕੈਨਸਿੰਗਟਨ ਮਾਰਕਿਟ ਨੇੜੇ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ, ਇਸ ਸਮੇਂ ਉਹ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ।ਟੋਰਾਂਟੋ ਪੁਲਿਸ ਨੂੰ ਕਾਰ ਵੱਲੋਂ ਕਿਸੇ ਵਿਅਕਤੀ ਨੂੰ ਟੱਕਰ ਮਾਰੇ ਜਾਣ ਦੀ ਰਿਪੋਰਟ ਮਿਲਣ ਉਪਰੰਤ ਪੁਲਿਸ ਬਾਥਰਸਟ ਸਟਰੀਟ ਤੇ ਅਲਸਟਰ ਸਟਰੀਟਸ ਉੱਤੇ ਪਹੁੰਚੀ। ਜ਼ਖ਼ਮੀ ਹਾਲਤ ਵਿੱਚ ਇੱਕ ਵਿਅਕਤੀ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ। ਜਾਂਚਕਾਰਾਂ ਨੇ ਦੱਸਿਆ ਕਿ ਡਰਾਈਵਰ ਮੌਕੇ ਉੱਤੇ ਹੀ ਮੌਜੂਦ ਰਿਹਾ। ਜਾਂਚ ਲਈ ਇਸ ਇਲਾਕੇ ਨੂੰ ਬੰਦ ਕਰ ਦਿੱਤੇ ਜਾਣ ਕਾਰਨ ਆਵਾਜਾਈ ਵਿੱਚ ਵਿਘਣ ਪੈ ਸਕਦਾ ਹੈ।

ਇੱਕ ਵੱਖਰੀ ਘਟਨਾ ਵਿੱਚ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਮਹਿਲਾ ਜ਼ਖ਼ਮੀ ਹੋ ਗਈ, ਉਸ ਨੂੰ ਜ਼ਖ਼ਮੀ ਪਰ ਸਥਿਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਇਹ ਦੂਸਰੀ ਘਟਨਾ ਲੈਂਸਡਾਊਨ ਐਵਨਿਊ ਤੇ ਡੰਡਸ ਵੈਸਟ ਏਰੀਆ ਵਿੱਚ ਸ਼ਾਮੀਂ 6:30 ਵਜੇ ਵਾਪਰੀ। ਮਹਿਲਾ ਨੂੰ ਨੇੜਲੇ ਟਰੌਮਾ ਸੈਂਟਰ ਲਿਜਾਇਆ ਗਿਆ ਤੇ ਅਧਿਕਾਰੀਆਂ ਅਨੁਸਾਰ ਉਸ ਦੇ ਬਚਣ ਦੀ ਉਮੀਦ ਹੈ।

# ਓਨਟਾਰੀਓ ਦੀ ਸਾਇੰਸ ਐਡਵਾਈਜ਼ਰੀ ਟੇਬਲ ਵੱਲੋਂ ਨਵੀਂ ਮਾਡਲਿੰਗ ਅੱਜ ਕੀਤੀ ਜਾਵੇਗੀ ਜਾਰੀ

ਓਨਟਾਰੀਓ, 7 ਦਸੰਬਰ (ਪੋਸਟ ਬਿਊਰੋ) : ਪ੍ਰੋਵਿੰਸ ਵਿੱਚ ਕੋਵਿਡ-19 ਮਾਮਲਿਆਂ ਵਿੱਚ ਹੋਏ ਵਾਧੇ ਤੋਂ ਬਾਅਦ ਓਨਟਾਰੀਓ ਦੀ ਸਾਇੰਸ ਐਡਵਾਈਜ਼ਰੀ ਟੇਬਲ ਵੱਲੋਂ ਨਵੀਂ ਮਾਡਲਿੰਗ ਜਾਰੀ ਕੀਤੀ ਜਾਵੇਗੀ। ਪ੍ਰੋਵਿੰਸ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਵੱਲੋਂ ਵੀ ਓਨਟਾਰੀਓ ਵਿੱਚ ਕੋਵਿਡ-19 ਦੇ ਹਾਲਾਤ ਬਾਰੇ ਅਪਡੇਟ ਮੁਹੱਈਆ ਕਰਵਾਈ ਜਾਵੇਗੀ। ਡਾ॰ ਕੀਰਨ ਮੂਰ ਨੂੰ ਵੀ ਓਮਾਈਕ੍ਰੌਨ ਵੇਰੀਐਂਟ ਬਾਰੇ ਸਵਾਲਾਂ ਦੇ ਜਵਾਬ ਦੇਣੇ ਹੋਣਗੇ।ਪ੍ਰੋਵਿੰਸ ਵਿੱਚ ਹੁਣ ਤੱਕ ਓਮਾਈਕ੍ਰੌਨ ਦੇ 13 ਮਾਮਲੇ ਸਾਹਮਣੇ ਆ ਚੁੱਕੇ ਹਨ ਤੇ ਲੰਡਨ, ਓਨਟਾਰੀਓ ਏਰੀਆ ਦੀ ਹੈਲਥ ਯੂਨਿਟ 30 ਮਾਮਲਿਆਂ ਦੇ ਕਲਸਟਰ ਦੀ ਜਾਂਚ ਕਰ ਰਹੀ ਹੈ।




ਓਨਟਾਰੀਓ ਵਿੱਚ ਔਸਤ 940 ਰੋਜ਼ਾਨਾ ਮਾਮਲੇ ਸਾਹਮਣੇ ਆ ਰਹੇ ਹਨ ਤੇ ਜੂਨ ਵਿੱਚ ਤੀਜੀ ਵੇਵ ਦੇ ਮੱਠੇ ਪੈਣ ਤੋਂ ਬਾਅਦ ਤੋਂ ਹੀ ਇਹ ਪੱਧਰ ਵੇਖਣ ਨੂੰ ਨਹੀਂ ਮਿਲਿਆ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਸਾਲ ਦੇ ਅੰਤ ਵਿੱਚ ਮਾਮਲਿਆਂ ਵਿੱਚ ਹੋਰ ਵਾਧਾ ਹੋਸਕਦਾ ਹੈ ਕਿਉਂਕਿ ਠੰਢ ਵਧਣ ਕਾਰਨ ਇਹ ਸਾਰੀਆਂ ਗਤੀਵਿਧੀਆਂ ਇੰਡੋਰ ਸ਼ਿਫਟ ਹੋ ਜਾਣਗੀਆਂ।

# ਫਾਰੂਕ ਨੇ ਕਿਹਾ: ਕਿਸਾਨਾਂ ਵਾਂਗ ਜੰਮੂ ਕਸ਼ਮੀਰੀਆਂ ਨੂੰ ਵੀ ਕੁਰਬਾਨੀ ਦੇਣੀ ਪੈ ਸਕਦੀ ਹੈ


ਸ੍ਰੀਨਗਰ, 7 ਦਸੰਬਰ (ਪੋਸਟ ਬਿਊਰੋ)- ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਨੇ ਕੱਲ੍ਹ ਇੱਥੇ ਕਿਹਾ ਕਿ ਜੰਮੂ ਕਸ਼ਮੀਰ ਦੇ ਲੋਕਾਂ ਨੂੰ ਸੂਬੇ ਦੇ ਵਿਸ਼ੇਸ਼ ਰਾਜ ਹੋਣ ਦਾ ਦਰਜਾ ਬਹਾਲ ਕਰਵਾਉਣ ਲਈ ਨਵੇਂ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਵਾਂਗ ਕੁਰਬਾਨੀਆਂ ਦੇਣੀਆਂ ਪੈ ਸਕਦੀਆਂ ਹਨ।



ਪਾਰਟੀ ਦੇ ਮੋਢੀ ਸ਼ੇਖ਼ ਮੁਹੰਮਦ ਅਬਦੁੱਲਾ ਦੇ 116ਵੇਂ ਜਨਮ ਦਿਨ ਮੌਕੇ ਇੱਥੇ ਨਸੀਮਬਾਗ਼ ਵਿੱਚ ਉਨ੍ਹਾਂ ਦੇ ਮਕਬਰੇ ਉੱਤੇ ਨੈਸ਼ਨਲ ਕਾਨਫਰੰਸ ਦੇ ਯੂਥ ਵਿੰਗ ਦੀ ਇੱਕ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਅਬਦੁੱਲਾ ਨੇ ਇਹ ਵੀ ਕਿਹਾ ਕਿ ਉਸ ਦੀ ਪਾਰਟੀ ਕਿਸੇ ਵੀ ਤਰ੍ਹਾਂ ਦੀ ਹਿੰਸਾ ਦਾ ਸਮਰਥਨ ਨਹੀਂ ਕਰਦੀ। ਫਾਰੂਖ ਅਬਦੁੱਲਾ ਨੇ ਕਿਹਾ, "ਜਦੋਂ ਕਿਸਾਨਾਂ ਨੇ ਕੁਰਬਾਨੀਆਂ ਦਿੱਤੀਆਂ ਤਾਂ ਕੇਂਦਰ ਨੂੰ ਤਿੰਨੇ ਖੇਤੀ ਕਾਨੂੰਨ ਰੱਦ ਕਰਨੇ ਪਏ। ਇਸੇ ਤਰ੍ਹਾਂ ਸਾਨੂੰ ਆਪਣੇ ਹੱਕ ਪ੍ਰਾਪਤ ਕਰਨ ਲਈ ਕੋਈ ਵੀ ਕੁਰਬਾਨੀ ਦੇਣੀ ਪੈ ਸਕਦੀ ਹੈ। ਯਾਦ ਰੱਖੋ, ਅਸੀਂ ਧਾਰਾ 370, 35-ਏ ਅਤੇ ਵਿਸ਼ੇਸ਼ ਰਾਜ ਦਾ ਦਰਜਾ ਬਹਾਲ ਕਰਵਾਉਣ ਦਾ ਵਾਅਦਾ ਕੀਤਾ ਹੈ ਅਤੇ ਅਸੀਂ ਕੋਈ ਵੀ ਕੁਰਬਾਨੀ ਦੇਣ ਲਈ ਤਿਆਰ ਹਾਂ।"

# ਕੌੜੀ ਨਿੰਮ ਵੀ ਮਨੁੱਖੀ ਜੀਵਨ ਵਿੱਚ ਮਿਠਾਸ ਘੋਲੇਗੀ

ਨਵੀਂ ਦਿੱਲੀ, 7 ਦਸੰਬਰ (ਪੋਸਟ ਬਿਊਰੋ)-ਨਿੰਮ ਦਾ ਨਾਂਅ ਲੈਂਦੇ ਸਾਰ ਇਸ ਦੀ ਕੁੜੱਤਣ ਜ਼ੁਬਾਨ ਉੱਤੇ ਆ ਜਾਂਦੀ ਹੈ, ਪਰ ਗੁਣਾਂ ਦੀ ਖਾਣ ਇਹ ਨਿੰਮ ਭਵਿੱਖ ਵਿੱਚ ਲੋਕਾਂ ਦੇ ਜੀਵਨ ਵਿੱਚ ਮਿਠਾਸ ਘੋਲੇਗੀ। ਇਸ ਦਾ ਮੁੱਖ ਕਾਰਨ ਇਸ ਨਾਲ ਜੁੜੇ ਉਤਪਾਦਾਂ ਦੀ ਵਧਦੀ ਮੰਗ ਲਈਭਾਰਤ ਵਿੱਚ ਇਸ ਦੀ ਵੱਡੇ ਪੱਧਰ ਉੱਤੇ ਕਾਰੋਬਾਰੀ ਖੇਤੀ ਕਰਨ ਦੀ ਤਿਆਰੀ ਹੈ। ਇਸ ਦੇ ਲਈ ਹਰ ਪੱਧਰ ਉੱਤੇ ਕੰਮ ਤੇਜ਼ੀ ਨਾਲ ਸ਼ੁਰੂ ਹੋ ਗਿਆ ਹੈ।



ਇਸ ਵੇਲੇ ਇਸ ਦਿਸ਼ਾ ਵਿੱਚ ਜੋ ਅਹਿਮ ਸਫਲਤਾ ਹੱਥ ਲੱਗੀ, ਉਸ ਵਿੱਚ ਨਿੰਮ ਦੀ ਅਜਿਹੀ ਜੀਨੋਮਿਕਸ ਤਿਆਰ ਕੀਤੀ ਗਈ ਹੈ, ਜਿਸ ਤੋਂ ਮੌਜੂਦਾ ਪੌਦੇ ਦੇ ਮੁਕਾਬਲੇ ਜ਼ਿਆਦਾ ਬੀਜ ਤੇ ਉਸ ਦੇ ਬੀਜਾਂ ਤੋਂ ਦੁੱਗਣੇ ਤੋਂ ਵੱਧ ਤੇਲ ਮਿਲੇਗਾ। ਇਹ ਚਾਰ ਤੋਂ ਪੰਜ ਸਾਲਾਂ ਵਿੱਚ ਤਿਆਰ ਵੀ ਹੋ ਜਾਏਗਾ।ਜੰਗਲਾਤ ਅਤੇ ਵਾਤਾਵਰਣ ਮੰਤਰਾਲੇ ਦੇ ਮੁਤਾਬਕ ਨਿੰਮ ਦੀ ਕਾਰੋਬਾਰੀ ਖੇਤੀ ਨੂੰ ਉਤਸ਼ਾਹਤ ਕਰਨ ਦੀ ਇਹ ਯੋਜਨਾ ਦੇਸ਼ ਦੇ ਨਾਲ ਦੁਨੀਆ ਭਰ ਵਿੱਚ ਨਿੰਮ ਨਾਲ ਜੁੜੇ ਪ੍ਰਾਡਕਟ ਦੀ ਵਧਦੀ ਮੰਗ ਨੂੰ ਦੇਖ ਕੇ ਬਣਾਈ ਗਈ ਹੈ। ਇਸ ਦੇ ਤਹਿਤ ਵੱਡਾ ਟੀਚਾ ਸੀ, ਨਿੰਮ ਦਾ ਅਜਿਹਾ ਜੀਨੋਮਿਕਸ ਤਿਆਰ ਕਰਨਾ ਹੈ, ਜੋ ਗੁਣਾਂ ਪੱਖ ਤੋਂ ਮੂਲ ਪੌਦੇ ਵਰਗਾ ਹੋਵੇ। ਮੰਤਰਾਲੇ ਨੇ ਇਹ ਕੰਮ ਇੰਡੀਅਨ ਕੌਂਸਲ ਆਫ ਫਾਰੈਸਟਰੀ ਰਿਸਰਚ ਐਂਡ ਐਜੂਕੇਸ਼ਨ (ਆਈ ਸੀ ਐਫ ਆਰ ਈ) ਨੂੰ ਸੌਂਪਿਆ ਸੀ। ਇਸ ਨੇ ਆਪਣੇ ਨਾਲ ਜੁੜੀਆਂ ਕਰੀਬ ਨੌਂ ਹੋਰ ਸੰਸਥਾਵਾਂ ਦੀ ਮਦਦ ਨਾਲ ਇਹ ਸਫਲਤਾ ਹਾਸਲ ਕੀਤੀ ਹੈ।

ਇਸ ਯੋਜਨਾ ਤਹਿਤ ਨਿੰਮ ਦੇ ਛੇ ਜੀਨੋਮਿਕਸ ਤਿਆਰ ਕੀਤੇ ਗਏ ਹਨ। ਇਨ੍ਹਾਂ ਸਭ ਜੀਨੋਮਿਕਸ ਨੂੰ ਮੰਤਰਾਲੇ ਦੀ ਹਾਈਪਾਵਰ ਕਮੇਟੀ ਨੇ ਮਨਜ਼ੂਰੀ ਦੇ ਦਿੱਤੀ ਹੈ। ਆਯੁਰਵੈਦ ਦੇ ਪੱਖ ਤੋਂ ਨਿੰਮ ਦੀਆਂ ਪੱਤੀਆਂ ਤੋਂ ਲੈ ਕੇ ਛਿਲਕੇ, ਬੀਜ, ਤੇਲ, ਲੱਕੜੀ ਸਾਰੇ ਲਾਭਕਾਰੀ ਹਨ। ਨਿੰਮ ਦੇ ਰੁੱਖ ਆਮ ਤੌਰ ਉੱਤੇ ਭਾਰਤ ਵਿੱਚ ਬਹੁਤ ਹੁੰਦੇ ਹਨ। ਪੂਰਬੀ ਉਤਰ ਪ੍ਰਦੇਸ਼ ਦੇ ਇਲਾਕੇ ਵਿੱਚ ਇਸ ਨੂੰ ਆਮ ਘਰਾਂ ਦੇ ਬਾਹਰ ਲਾਇਆ ਜਾਂਦਾ ਹੈ, ਕਿਉਂਕਿ ਇਹ ਆਕਸੀਜਨ ਦਾ ਵਧੀਆ ਸਰੋਤ ਮੰਨਿਆ ਜਾਂਦਾ ਹੈ। ਇਸ ਦੀਆਂ ਪੱਤੀਆਂ ਆਦਿ ਦੀ ਵਰਤੋਂ ਨਾਲ ਘਰ ਕੀੜਿਆਂ ਤੋਂ ਸੁਰੱਖਿਅਤ ਰਹਿੰਦਾ ਹੈ।ਭਾਰਤ ਅਤੇ ਦੁਨੀਆ ਵਿੱਚ ਨਿੰਮ ਦੇ ਤੇਲ ਦੀ ਬਹੁਤ ਮੰਗ ਹੈ। ਪਿੱਛੇ ਜਿਹੇ ਇਸ ਦਾ ਯੂਰੀਏ ਵਿੱਚ ਵੀ ਇਸਤੇਮਾਲ ਤੇਜ਼ੀ ਨਾਲ ਵਧਿਆ ਹੈ। ਭਾਰਤ ਵਿੱਚ ਅੱਜਕੱਲ੍ਹ ਨਿੰਮ ਕੋਟਿਡ ਯੂਰੀਆ ਤਿਆਰ ਕੀਤਾ ਜਾ ਰਿਹਾ ਹੈ। ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਦੇ ਲਿਹਾਜ਼ ਨਾਲ ਇਸ ਨੂੰ ਜ਼ਿਆਦਾ ਉਪਯੋਗੀ ਦੱਸਿਆ ਜਾ ਰਿਹਾ ਹੈ ਅਤੇ ਯੂਰੀਏ ਦੀ ਕਾਲਾਬਾਜ਼ਾਰੀ ਵੀ ਰੁਕੀ ਹੈ।

REXDALE BODY SHOP
USED CAR SALE
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

## ਅੱਜ ਨਾਮਾ

ਕੇਸਾਂ ਕਾਰਨ ਹੈ ਰਾਜ ਸਰਕਾਰ ਉਲਝੀ,
ਪੈਂਦੀ ਰੋਜ਼ ਅਦਾਲਤ ਤੋਂ ਝਿੜਕ ਬੇਲੀ।
ਕਿਹੜੇ ਬੰਨਿਓਂ ਕਿਹੜੀ ਹੈ ਬਿੱਜ ਪੈਣੀ,
ਲੱਗਦੀ ਕਦੇ ਨਾ ਰਤਾ ਹੈ ਬਿੜਕ ਬੇਲੀ।
ਸ਼ਰੀਕਾਂ ਜਿਹੇ ਆ ਲੀਡਰ ਵਿਰੋਧ ਵਾਲੇ,
ਸਭ ਸਰਕਾਰ ਨੂੰ ਰਹੇ ਨੇ ਰਿੜਕ ਬੇਲੀ।
ਏਧਰ ਏਕਾ ਨਾ ਪਾਰਟੀ ਵਿੱਚ ਦੀਂਹਦਾ,
ਸਾਰੀ ਟੀਮ ਹੀ ਰਹੀ ਆ ਤਿੜਕ ਬੇਲੀ।
ਦਿਨਮਿਲੇਇੰਜ ਨਿਕਲਦੇ ਜਾਣ ਸਾਰੇ,
ਚੜ੍ਹਦੀ ਸੋਚ ਨਾ ਕੋਈ ਵੀ ਸਿਰੇ ਬੇਲੀ।
ਚੌਧਰ ਮਿਲੀ ਤੋਂ ਹੋਏ ਸੀ ਖੁਸ਼ ਜਿਹੜੇ,
ਦਿੱਸਦੇ ਸੋਚਾਂ ਦੇ ਵਿੱਚ ਨੇ ਘਿਰੇ ਬੇਲੀ।

**ਤੀਸ ਮਾਰ ਖਾਂ**

# ਉਮੀਦਵਾਰਾਂ ਦੀ ਸਕ੍ਰੀਨਿੰਗ ਲਈ ਕਾਂਗਰਸ ਵੱਲੋਂ ਮਾਕਨ ਨੂੰ ਜ਼ਿੰਮੇਵਾਰੀ ਦੇਣ ਤੋਂ ਅਮਰਿੰਦਰ ਭੜਕਿਆ

* 1984 ਦੇ ਦੋਸ਼ੀ ਦਾ ਭਤੀਜਾ ਹੋਣ ਦੇ ਦੋਸ਼ ਲਾਏ



ਚੰਡੀਗੜ੍ਹ, 7 ਦਸੰਬਰ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਹਾਈਕਮਾਂਡ ਵੱਲੋਂ ਪੰਜਾਬ ਦੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਉਮੀਦਵਾਰਾਂ ਦੀ ਚੋਣ ਕਰਨ ਵਾਸਤੇ ਸਕ੍ਰੀਨਿੰਗ ਕਮੇਟੀ ਦਾ ਚੇਅਰਮੈਨ ਅਜੇ ਮਾਕਨ ਨੂੰ ਬਣਾਉਣ ਦੀ ਨਿੰਦਾ ਕੀਤੀ ਹੈ।

ਅੱਜ ਇਥੇ ਜਾਰੀ ਕੀਤੇ ਬਿਆਨਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅਜੇ ਮਾਕਨ ਦਿੱਲੀਵਿੱਚ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮੁੱਖ ਦੋਸ਼ੀਆਂਵਿੱਚੋਂ ਇੱਕ ਲਲਿਤ ਮਾਕਨ ਦਾ ਭਤੀਜਾ ਹੈ। ਇਸ ਜ਼ਿੰਮੇਵਾਰੀ ਲਈ ਕਾਂਗਰਸ ਵੱਲੋਂਅਜੇ ਮਾਕਨ ਨੂੰ ਚੁਣਨ ਤੋਂ ਵੱਡਾ ਗ਼ਲਤ ਫ਼ੈਸਲਾ ਕੁਝ ਨਹੀਂ ਹੋ ਸਕਦਾ ਸੀ।ਜਦੋਂ ਇੱਕ ਪਾਸੇ ਜਿਥੇ ਕੇਂਦਰ ਸਰਕਾਰ ਇੱਕ ਗੁਨਾਹਗਾਰ ਸੱਜਣ ਕੁਮਾਰ ਨੂੰ ਸਜ਼ਾ ਦੇਣ ਲੱਗੀ ਹੋਈ ਹੈ, ਓਦੋਂ ਦੂਸਰੀ ਧਿਰ ਕਾਂਗਰਸ ਮਾਕਨ ਪਰਵਾਰ ਨੂੰ ਇਨਾਮ ਦੇ ਰਹੀ ਹੈ ਅਤੇ ਉਹ ਵੀ ਪੰਜਾਬ ਲਈ, ਜਿੱਥੇ ਜੋ ਪੰਜਾਬੀਆਂ ਦੇ ਜ਼ਖ਼ਮਾਂ ਉੱਤੇ ਲੂਣ ਛਿੜਕਣ ਦੇ ਬਰਾਬਰ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਕਾਂਗਰਸ ਨੂੰ ਮਾਕਨ ਵਰਗੇ ਬੰਦੇ ਨੂੰ ਅੱਗੇ ਕਰਨ ਤੋਂ ਬਚਣਾ ਚਾਹੀਦਾ ਸੀ, ਜਿਹੜਾ ਸਿੱਖ ਵਿਰੋਧੀ ਦੰਗਿਆਂਵਿੱਚ ਆਪਣੇ ਚਾਚੇ ਦੇਰੋਲ ਕਾਰਨ ਪੰਜਾਬਵਿੱਚ ਬਗ਼ਾਵਤ ਦਾ ਕਾਰਨ ਬਣ ਸਕਦਾ ਹੈ। ਇਸ ਤੋਂ ਇਲਾਵਾ ਅਜੇ ਮਾਕਨ ਸਕ੍ਰੀਨਿੰਗ ਕਮੇਟੀ ਦਾ ਮੁਖੀ ਬਣਨ ਦੇਯੋਗ ਵੀ ਨਹੀਂ, ਜਿੱਥੇ ਅੰਬਿਕਾ ਸੋਨੀ ਤੇ ਸੁਨੀਲ ਜਾਖੜ ਵਰਗੇ ਸੀਨੀਅਰ ਆਗੂ ਨੂੰ ਉਸ ਦੇ ਅਧੀਨ ਰੱਖੇ ਹਨ। ਉਨ੍ਹਾਂ ਕਿਹਾ ਕਿ ਮਾਕਨ ਨੇ ਦਿੱਲੀ ਵਿਧਾਨ ਸਭਾ ਚੋਣਾਂਵਿੱਚ ਪਾਰਟੀ ਨੂੰ ਲਗਾਤਾਰ ਦੋ ਵੱਡੀਆਂ ਹਾਰਾਂ ਦੇਣਵਿੱਚ ਵੱਡੀ ਭੂਮਿਕਾ ਨਿਭਾਈ ਸੀਤੇ ਜਿਸ ਬੰਦੇ ਨੇ ਦਿੱਲੀਵਿੱਚ ਕਾਂਗਰਸ ਦਾ ਸਫਾਇਆ ਕਰਵਾਦਿੱਤਾ ਸੀ, ਉਸ ਨੂੰ ਪੰਜਾਬ ਦੀ ਜ਼ਿੰਮੇਵਾਰ ਦੇ ਦਿੱਤੀ ਹੈ।ਇਸ ਹਾਲਵਿੱਚਪੰਜਾਬ ਅੰਦਰਕਾਂਗਰਸ ਦੇ ਭਵਿੱਖ ਦਾ ਹਰਕੋਈ ਲਾ ਸਕਦਾ ਹੈ।

ਕੈਪਟਨ ਅਮਰਿੰਦਰ ਨੇ ਕਿਹਾ ਕਿ ਦਿਲੀਵਿੱਚ 2014 ਅਤੇ 2019 ਦੀਆਂ ਅਸੈਂਬਲੀ ਚੋਣਾਂਵਿੱਚ ਕਾਂਗਰਸ ਲਈ ਕੋਈ ਵੀ ਸੀਟ ਯਕੀਨੀ ਨਾ ਕਰਨ ਵਾਲੇ ਆਗੂਨੂੰ ਪੰਜਾਬ ਭੇਜਿਆ ਗਿਆ ਹੈ, ਤਾਂ ਜੋ ਏਥੇ ਵੀ ਉਹੋ ਪ੍ਰਾਪਤੀ ਕਰ ਸਕੇ। ਇਸ ਤੋਂ ਸਾਫ ਹੈ ਕਿ ਕਾਂਗਰਸ ਨੇ ਚੋਣਾਂ ਤੋਂ ਪਹਿਲਾਂ ਹੀ ਆਪਣੀ ਹਾਰ ਮੰਨਲਈ ਹੈ, ਜਿਸ ਨੇ ਅਜਿਹੇ ਆਗੂ ਨੂੰ ਨਿਯੁਕਤ ਕੀਤਾ ਹੈ, ਜਿਹੜਾ 2014 ਤੇ 2019ਵਿੱਚ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਖੁਦ ਵੀ ਹਾਰ ਚੁੱਕਾ ਹੈ ਅਤੇ ਵਿਧਾਨ ਸਭਾ ਚੋਣਵਿੱਚ ਆਪਣੀ ਜ਼ਮਾਨਤ ਨਹੀਂ ਸੀ ਬਚਾ ਸਕਿਆ।

## ਕੈਪਟਨ ਵੱਲੋਂ ਗੱਠਜੋੜ ਤੇ ਸੀਟਾਂ ਦੀ ਵੰਡ ਬਾਰੇ ਭਾਜਪਾ ਆਗੂ ਗਜੇਂਦਰ ਸ਼ੇਖਾਵਤ ਨਾਲ ਮੀਟਿੰਗ



ਚੰਡੀਗੜ੍ਹ, 7 ਦਸੰਬਰ, (ਪੋਸਟ ਬਿਊਰੋ)- ਭਾਰਤ ਦੇ ਕੇਂਦਰੀ ਮੰਤਰੀ ਅਤੇ ਪੰਜਾਬ ਦੀ ਭਾਜਪਾ ਦੇ ਚੋਣਾਂ ਲਈ ਇੰਚਾਰਜ ਗਜੇਂਦਰ ਸ਼ੇਖਾਵਤ ਨੇ ਅੱਜ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਉਨ੍ਹਾ ਦੇ ਸੀਸਵਾਂ ਦੇ ਫਾਰਮ ਹਾਊਸ ਉੱਤੇ ਮੁਲਾਕਾਤ ਕੀਤੀ ਅਤੇ ਲੰਚ ਕੀਤਾ। ਇਸ ਮੌਕੇ ਦੋਵਾਂ ਨੇ ਵਿਧਾਨ ਸਭਾ ਚੋਣਾਂ ਲਈ ਗੱਠਜੋੜ ਉੱਪਰ ਵਿਚਾਰ ਕੀਤੀ, ਜਿਸ ਨੂੰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਬਹੁਤ ਅਹਿਮ ਮੰਨਿਆ ਜਾ ਰਿਹਾ ਹੈ।

ਚਰਚਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਭਾਜਪਾ ਆਗੂ ਗਾਜੇਂਦਰ ਸਿੰਘ ਸ਼ੇਖਾਵਤ ਦੀ ਮੀਟਿੰਗ ਵਿੱਚ ਦੋਵਾਂ ਪਾਰਟੀਆਂ ਵਿਚਾਲੇ ਚੋਣ ਗੱਠਜੋੜ ਤੇ ਸੀਟਾਂ ਦੀ ਵੰਡ ਬਾਰੇ ਵਿਚਾਰ ਹੋਈ ਹੈ। ਅਮਰਿੰਦਰ ਸਿੰਘ ਨਾਲ ਮੀਟਿੰਗ ਤੋਂ ਪਹਿਲਾਂ ਗਾਜੇਂਦਰ ਸਿੰਘ ਸ਼ੇਖਾਵਤ ਦੀ ਚੰਡੀਗੜ੍ਹ ਦੇ ਇੱਕ ਹੋਟਲਵਿੱਚ ਪੰਜਾਬ ਭਾਜਪਾ ਦੇ ਲੀਡਰਾਂ ਨਾਲ ਅਹਿਮ ਮੀਟਿੰਗ ਹੋਈ ਤੇ ਵਿਧਾਨ ਸਭਾ ਚੋਣਾਂਬਾਰੇ ਚਰਚਾ ਕੀਤੀ ਸੀ।ਵਰਨਣ ਯੋਗ ਹੈ ਕਿ ਕੈਪਟਨ ਅਮਰਿੰਦਰ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਪੰਜਾਬ ਲੋਕ ਕਾਂਗਰਸ ਅਗਲੇ ਸਾਲ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਅਤੇ ਸੁਖਦੇਵ ਸਿੰਘ ਢੀਂਡਸਾ ਦੀ ਪਾਰਟੀ ਸ਼੍ਰੋਮਣੀ ਅਕਾਲੀ ਦਲ (ਯੂਨਾਈਟਿਡ) ਨਾਲ ਗਠਜੋੜ ਕਰੇਗੀ।ਅਕਾਲੀ ਦਲ (ਯੂਨਾਈਟਿਡ) ਨੇ ਬੀਤੇ ਸੋਮਵਾਰ ਦੀ ਬੈਠਕਵਿੱਚ ਏਦਾਂ ਦੇ ਅਹਿਮ ਫੈਸਲੇ ਲੈਣ ਦਾ ਅਧਿਕਾਰ ਸੁਖਦੇਵ ਸਿੰਘ ਢੀਂਡਸਾ ਨੂੰ ਦੇਦਿੱਤਾ ਸੀ, ਪਰ ਨਾਲ ਸੀਨੀਅਰ ਲੀਡਰਾਂ ਨੇ ਭਾਜਪਾ ਨਾਲ ਗੱਠਜੋੜ ਕਰਨ ਤੋਂ ਝਿਜਕ ਵੀ ਵਿਖਾਈ ਸੀ।

# ਅਰਵਿੰਦ ਕੇਜਰੀਵਾਲ ਵੱਲੋਂ ਦਲਿਤਾਂ ਲਈ ਵੀ ਗਾਰੰਟੀਆਂ ਦੀ ਝੜੀ




ਹੁਸ਼ਿਆਰਪੁਰ, 7 ਦਸੰਬਰ, (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ 'ਐੱਸ ਸੀ ਭਾਈਚਾਰੇ ਨਾਲ ਕੇਜਰੀਵਾਲ ਦੀ ਗੱਲਬਾਤ' ਦੇ ਨਾਂਅ ਹੇਠਆਪਣੀ ਪਾਰਟੀ ਵੱਲੋਂ ਕਰਾਏ ਸਮਾਗਮ ਵਿੱਚ ਸ਼ਡਿਊਲਡ ਕਾਸਟ (ਐੱਸ ਸੀ) ਭਾਈਚਾਰੇ ਦੇ ਲੋਕਾਂ ਲਈ ਐਲਾਨਾਂ ਦੀ ਝੜੀ ਲਾ ਦਿੱਤੀ। ਉਨ੍ਹਾ ਨੇ ਪੰਜਾਬ ਦੇ ਐੱਸ ਸੀ ਭਾਈਚਾਰੇ ਦੇ ਬੱਚਿਆਂ ਨੂੰ ਪੜ੍ਹਾਈ ਲਈ 3 ਨਵੀਆਂ ਗਰੰਟੀਆਂ ਦਾ ਐਲਾਨ ਵੀ ਕੀਤਾ ਹੈ।

ਹੁਸ਼ਿਆਰਪੁਰ ਦੇ ਟਾਂਡਾ ਰੋਡ ਉੱਤੇ ਇੱਕ ਪੈਲੇਸ ਵਿਖੇ ਵਰਕਰਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਨ ਆਏ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਅੱਜ ਪੰਜ ਗਾਰੰਟੀਆਂ ਦਿੱਤੀਆਂ।ਉਨ੍ਹਾਂ ਨੇ ਐੱਸ ਸੀ ਭਾਈਚਾਰੇ ਵਾਲੇ ਲੋਕਾਂ ਨੂੰ ਪਹਿਲੀ ਗਾਰੰਟੀ ਦਿੱਤੀ ਕਿ ਉਨ੍ਹਾਂ ਦੇ ਬੱਚਿਆਂ ਦੀ ਸਾਰੀ ਪੜ੍ਹਾਈ ਮੁਫ਼ਤ ਹੋਵੇਗੀ। ਦੂਸਰੀ ਗਾਰੰਟੀ ਵਜੋਂ ਕਿਹਾ ਕਿ ਐੱਸਸੀ ਭਾਈਚਾਰੇ ਦੇ ਬੱਚਿਆਂ ਨੂੰ ਮੁਕਾਬਲੇ ਦੇ ਇਮਤਿਹਾਨਾਂ ਲਈ ਕੋਚਿੰਗ ਦਾ ਸਾਰਾ ਖਰਚਾ ਉਨ੍ਹਾਂ ਦੀ ਪਾਰਟੀ ਦੀ ਪੰਜਾਬ ਸਰਕਾਰ ਦੇਵੇਗੀ। ਤੀਸਰੀ ਗਾਰੰਟੀ ਵਿੱਚ ਕੇਜਰੀਵਾਲ ਨੇ ਕਿਹਾ ਕਿ ਜਿਹੜੇ ਬੱਚੇ ਉਚੇਰੀ ਪੜ੍ਹਾਈ ਲਈ ਵਿਦੇਸ਼ ਜਾਣਾ ਚਾਹੁਣਗੇ, ਉਨ੍ਹਾਂ ਲਈ ਗ੍ਰੈਜੂਏਸ਼ਨ ਅਤੇ ਪੋਸਟ ਗ੍ਰੈਜੂਏਸ਼ਨ ਦਾ ਖਰਚਾ ਸਰਕਾਰ ਦੇਵੇਗੀ। ਚੌਥੀ ਗਾਰੰਟੀ ਵਜੋਂ ਉਨ੍ਹਾਂ ਕਿਹਾ ਕਿ ਭਾਈਚਾਰੇ ਦੇ ਹਰ ਮੈਂਬਰ ਦੀ ਬਿਮਾਰੀ ਦਾ ਸਭ ਖਰਚਾ ਸਰਕਾਰ ਕਰੇਗੀ। ਪੰਜਵੀਂ ਗਾਰੰਟੀ ਵਜੋਂ 18 ਸਾਲ ਤੋਂ ਉੱਪਰ ਦੀ ਹਰ ਔਰਤ ਦੇ ਖਾਤੇ ਵਿੱਚ ਇੱਕ ਹਜ਼ਾਰ ਰੁਪਏ ਪਾਉਣ ਦਾ ਐਲਾਨ ਦੁਹਰਾਇਆ। ਇਸ ਮੌਕੇ ਪਾਰਟੀ ਵਰਕਰਾਂ ਦੇ ਇਕੱਠ ਮੂਹਰੇ ਉਨ੍ਹਾਂ ਕਿਹਾ ਕਿ ਸੰਵਿਧਾਨ ਨਿਰਮਾਤਾ ਡਾ: ਬੀ ਆਰ ਅੰਬੇਡਕਰ ਦੇ ਸੁਪਨਿਆਂ ਦਾ ਸਮਾਜ 75 ਸਾਲ ਬਾਅਦ ਵੀ ਨਹੀਂ ਬਣਿਆ, ਇਹ ਸੁਪਨਾ ਪੂਰਾ ਕਰਨ ਦਾ ਵਾਅਦਾ ਉਨ੍ਹਾਂ ਨੇ ਲੋਕਾਂ ਦੇ ਭਰਵੇਂ ਇਕੱਠ ਵਿੱਚ ਕੀਤਾ।

## ਸੁਖਪਾਲ ਸਿੰਘ ਖਹਿਰਾ ਦੀ ਜ਼ਮਾਨਤ ਅਰਜ਼ੀ ਰੱਦ, ਜੇਲ੍ਹ ਵਿੱਚ ਰਹੇਗਾ



ਮੋਹਾਲੀ, 7 ਦਸੰਬਰ, (ਪੋਸਟ ਬਿਊਰੋ)- ਏਥੋਂ ਦੀ ਇੰਫੋਰਸਮੈਂਟ ਡਾਇਰੈਕਟੋਰੇਟ (ਈਡੀ) ਅਦਾਲਤ ਨੇ ਮਨੀ ਲਾਂਡਰਿੰਗ ਦੇ ਕੇਸ ਵਿਚ ਕਾਂਗਰਸ ਆਗੂ ਸੁਖਪਾਲ ਸਿੰਘ ਖਹਿਰਾ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਅੱਜ ਮੰਗਲਵਾਰ ਨੂੰ ਏਥੇ ਵਿਸ਼ੇਸ਼ ਈਡੀ ਅਦਾਲਤ ਵਿਚ ਸੁਣਵਾਈ ਦੌਰਾਨ ਸਰਕਾਰੀ ਵਕੀਲ ਨੇ ਦਲੀਲ ਦਿੱਤੀ ਕਿ ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਉੱਤੇ ਲੱਗੇ ਦੋਸ਼ ਸੰਗੀਨ ਹਨ, ਇਨ੍ਹਾਂ ਦੋਸ਼ਾਂ ਹੇਠਜ਼ਮਾਨਤ ਨਹੀਂ ਦੇਣੀ ਚਾਹੀਦੀ। ਬਚਾਅ ਪੱਖ ਵਜੋਂ ਸੁਖਪਾਲ ਸਿੰਘ ਖਹਿਰਾ ਦਾ ਵਕੀਲ ਬਹਿਸ ਮੌਕੇ ਅਦਾਲਤ ਨੂੰ ਸੰਤੁਸ਼ਟ ਨਹੀਂ ਕਰਵਾ ਸਕਿਆ। ਦਲੀਲਾਂ ਹੋਣ ਮਗਰੋਂ ਅਦਾਲਤ ਨੇ ਜ਼ਮਾਨਤ ਅਰਜ਼ੀ ਰੱਦ ਕਰਨ ਦਾ ਫ਼ੈਸਲਾ ਦਿੱਤਾ। ਵਰਨਣ ਯੋਗ ਹੈ ਕਿ ਬੀਤੀ 11 ਨਵੰਬਰ ਨੂੰ ਈਡੀ ਨੇ ਖਹਿਰਾ ਨੂੰ ਹਿਰਾਸਤ ਵਿਚ ਲਿਆ ਸੀ ਅਤੇ ਮਨੀ ਲਾਂਡਰਿੰਗ ਰੋਕੂ ਐਕਟ ਦੀਆਂ ਧਾਰਾਵਾਂ ਹੇਠ ਉਸ ਦੀ ਗ੍ਰਿਫਤਾਰੀ ਪਾਈ ਸੀ। ਉਸ ਪਿੱਛੋਂ19 ਨਵੰਬਰ ਨੂੰ ਉਸ ਨੂੰ ਜੁਡੀਸ਼ਲ ਹਿਰਾ-ਸਤ ਵਿੱਚ ਜੇਲ੍ਹ ਭੇਜ ਦਿੱਤਾ ਗਿਆ ਸੀ। ਸੁਖਪਾਲ ਸਿੰਘ ਖਹਿਰਾ ਨੇ ਸਾਲ 2017 ਵਿਚ ਆਮ ਆਦਮੀ ਪਾਰਟੀ ਵੱਲੋਂਭੁਲੱਥ ਹਲਕੇ ਤੋਂ ਵਿਧਾਨ ਸਭਾ ਚੋਣ ਲੜੀ ਅਤੇ ਜਿੱਤਣ ਮਗਰੋਂ ਇਸ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ ਸੀ।

# ਸੁਖਬੀਰ ਬਾਦਲ ਵੱਲੋਂ ਕੇਜਰੀਵਾਲ ਉੱਤੇ ਕਾਂਗਰਸ ਵਾਂਗ ਪੰਜਾਬੀਆਂ ਨੂੰ ਧੋਖਾ ਦੇਣ ਦਾ ਦੋਸ਼



ਬਰਨਾਲਾ/ ਸੰਗਰੂਰ, 7 ਦਸੰਬਰ, (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਅੱਜ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਬਾਰੇ ਕਿਹਾ ਕਿ ਉਹ ਵੀ ਉਸੇ ਤਰ੍ਹਾਂ ਪੰਜਾਬੀਆਂ ਨੂੰ ਧੋਖਾ ਦੇ ਰਹੇ ਹਨ, ਜਿਵੇਂ ਕਾਂਗਰਸ ਨੇ ਦਿੱਤਾ ਸੀ ਅਤੇ ਉਹ ਔਰਤਾਂ ਨੂੰ 1 ਹਜ਼ਾਰ ਰੁਪਏ ਮਹੀਨਾ ਦੀ ਸਕੀਮ ਦਾ ਲਾਭ ਲੈਣ ਲਈ ਆਮ ਆਦਮੀ ਪਾਰਟੀ ਕੋਲ ਰਜਿਸਟਰੇਸ਼ਨ ਕਰਵਾਉਣ ਲਈ ਮਜਬੂਰ ਕਰ ਰਹੇ ਹਨ।

ਭਦੌੜ ਹਲਕੇ ਤੋਂ ਅਕਾਲੀ ਉਮੀਦਵਾਰ ਸਤਨਾਮ ਸਿੰਘ ਰਾਹੀ ਅਤੇ ਸੁਨਾਮ ਤੋਂ ਬਲਦੇਵ ਸਿੰਘ ਮਾਨ ਲਈ ਤਪਾ ਤੇ ਸੁਨਾਮ ਵਿੱਚ ਦੋ ਅਕਾਲੀ ਰੈਲੀਆਂ ਵਿੱਚ ਬੋਲਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅੱਗੇ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੇ ਲੋਕਾਂ ਤੋਂ ਫਾਰਮ ਭਰਵਾਏ ਸਨ ਤੇ ਲੋਕਾਂ ਨੇ ਇਸ ਦਾ ਨਤੀਜਾ ਖੁਦ ਵੇਖ ਲਿਆ।ਉਨ੍ਹਾਂ ਕਿਹਾ ਕਿ ਅੱਜਕੱਲ੍ਹ ਕੇਜਰੀਵਾਲ ਉਹੀ ਕੁਝ ਕਰਦਾ ਅਤੇ ਔਰਤਾਂ ਨੂੰ 1 ਹਜ਼ਾਰ ਰੁਪਏ ਮਹੀਨਾ ਲੈਣ ਦੇ ਫਾਰਮ ਭਰਨ ਨੂੰਕਹਿੰਦਾ ਹੈ ਤੇ ਇਸ ਵਾਸਤੇ ਜਾਅਲੀ ਕੈਂਪ ਲਾਏ ਜਾ ਰਹੇ ਹਨ। ਉਨ੍ਹਾਂ ਕੇਜਰੀਵਾਲ ਨੂੰ ਪੁੱਛਿਆ ਕਿ ਜਿਹੜੀਆਂ ਔਰਤਾਂ ਨੇ ਫਾਰਮ ਭਰੇ ਹੋਣਗੇ, ਕੀ ਉਹੀਸਕੀਮ ਦਾ ਲਾਭ ਲੈਣ ਦੇ ਯੋਗ ਹੋਣਗੀਆਂ, ਜੇਏਦਾਂ ਨਹੀਂ ਤਾਂ ਫਿਰ ਕੀ ਤੁਸੀਂ ਪੰਜਾਬੀਆਂ ਨੂੰ ਮੂਰਖ ਬਣਾਉਣਾ ਚਾਹੁੰਦੇ ਹੋ? ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕੇਜਰੀਵਾਲ ਹਰ ਹੀਲੇ ਪੰਜਾ-ਬਦਾ ਰਾਜ ਚਾਹੁੰਦਾ ਹੈ, ਇਸੇ ਲਈ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਦਾ ਨਾਂ ਨਹੀਂ ਐਲਾਨਿਆ ਅਤੇ ਇਹ ਪਾਰਟੀ ਡੰਮੀ ਉਮੀਦਵਾਰ ਦਾ ਨਾਂ ਦੱਸੇਗੀ, ਤਾਂ ਕਿਜਿੱਤਣ ਪਿੱਛੋਂ ਕੇਜਰੀਵਾਲ ਮੁੱਖ ਮੰਤਰੀ ਬਣ ਸਕੇ।

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਬਾਰੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਆਪਣੇ ਆਪ ਨੂੰ ਆਮ ਆਦਮੀ ਵਿਖਾਉਣ ਦਾ ਯਤਨ ਕਰ ਰਹੇ ਚੰਨੀ ਦੀ ਹਕੀਕਤ ਇਹ ਹੈ ਕਿ ਉਸ ਨੇ ਖਰੜ-ਰੋਪੜ ਪੱਟੀ ਉੱਤੇ ਨਜਾਇਜ਼ ਕਲੋਨੀਆਂ ਕੱਟ ਕੇ ਅਤੇ ਰੇਤ ਮਾਇਨਿੰਗ ਤੋਂ ਇਲਾਵਾ ਹੋਰ ਕਈ ਭ੍ਰਿਸ਼ਟ ਢੰਗਾਂ ਨਾਲ ਅੰਤਾਂ ਦੀ ਦੌਲਤ ਜੋੜ ਲਈ ਹੈਤੇ ਏਦਾਂ ਦੇ ਝੂਠੇ ਐਲਾਨ ਕਰੀ ਜਾਂਦਾ ਹੈ ਕਿਲੋਕ ਮਖੌਲ ਉਡਾਉਂਦੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਚੰਨੀ ਦਾਅਵਾ ਕਰਦਾ ਹੈ ਕਿ ਰੇਤਾ ਸਾਢੇ ਪੰਜ ਰੁਪਏ ਫੁੱਟ ਵਿਕਦਾ ਹੈ, ਪਰ ਅਸਲ ਵਿਚ ਇਹ 25 ਰੁਪਏ ਪ੍ਰਤੀ ਫੁੱਟ ਮਿਲਦਾ ਹੈ।

# ਡੇਰਾ ਸਿਰਸਾ ਦੇ ਉੱਪ ਚੇਅਰਮੈਨ ਪੀ ਆਰ ਨੈਨ ਨੂੰ ਹਾਈ ਕੋਰਟ ਵਿੱਚੋਂ ਰਾਹਤ ਮਿਲੀ



ਚੰਡੀਗੜ੍ਹ, 7 ਦਸੰਬਰ, (ਪੋਸਟ ਬਿਊਰੋ)- ਛੇ ਸਾਲ ਪੁਰਾਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸ ਵਿੱਚ ਆਪਣੇ ਖ਼ਿਲਾਫ਼ ਕਿਸੇ ਵੀ ਕਾਰਵਾਈ ਲਈ ਸੱਤ ਦਿਨ ਪਹਿਲਾਂ ਨੋਟਿਸ ਦਿੱਤੇ ਜਾਣ ਦੀ ਮੰਗ ਬਾਰੇ ਡੇਰਾ ਸੱਚਾ ਸੌਦਾ ਦੇ ਸੀਨੀਅਰ ਵਾਈਸ ਚੇਅਰਮੈਨ ਡਾ. ਪ੍ਰਿਥਵੀ ਰਾਜ ਨੈਨ (ਪੀਆਰ ਨੈਨ) ਨੇ ਹਾਈ ਕੋਰਟਵਿੱਚ ਅਰਜੀ ਪਾਈ ਹੈ, ਜਿਸ ਉੱਤੇ ਕੋਰਟ ਨੇ ਪੰਜਾਬ ਸਰਕਾਰ ਅਤੇ ਇਸਕੇਸ ਦੀ ਜਾਂਚ ਕਰਦੀ ਐੱਸ ਆਈ ਟੀ ਤੋਂ ਜਵਾਬ ਮੰਗ ਲਿਆ ਹੈ। ਜਸਟਿਸ ਰਾਜ ਮੋਹਨ ਸਿੰਘ ਨੇ ਡਾ. ਪੀ ਆਰ ਨੈਨ ਦੀ ਪਟੀਸ਼ਨ ਉੱਤੇ ਸਰਕਾਰ ਨੂੰ ਹੁਕਮ ਦਿੱਤਾ ਹੈ ਕਿ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਇਸ ਕੇਸ ਵਿੱਚ ਗਵਾਹ ਵਜੋਂ ਪੀ ਆਰ ਨੈਨ ਤੋਂਪੁੱਛਗਿੱਛ ਕਰ ਸਕਦੀ ਹੈ, ਪਰ ਜੇ ਦੋਸ਼ੀ ਵਜੋਂ ਉਸ ਤੋਂਪੁੱਛਗਿੱਛ ਕਰਨੀ ਹੈ ਤਾਂ ਉਸ ਨੂੰ ਪਹਿਲਾਂ ਨੋਟਿਸ ਦਿੱਤਾ ਜਾਵੇ। ਡਾ. ਪੀਆਰ ਨੈਨ ਨੇ ਹਾਈ ਕੋਰਟਵਿੱਚ ਪਟੀਸ਼ਨ ਦਾਇਰ ਕਰ ਕੇ ਕਿਹਾ ਕਿ 2015ਵਿੱਚ ਫ਼ਰੀਦਕੋਟ ਦੇ ਬਾਜਾਖਾਨਾਵਿੱਚ ਬੇਦਅਬੀ ਕੇਸਦੀਸ਼ਿਕਾਇਤ ਦਰਜ ਹੋਈ ਤਾਂ ਇਸ ਦੀ ਜਾਂਚ ਕਰਨ ਪਿੱਛੋਂ ਸੀਬੀਆਈ ਨੇ ਜੂਨ 2019ਵਿੱਚ ਕਲੋਜ਼ਰ ਰਿਪੋਰਟ ਦੇਦਿੱਤੀ ਸੀ। ਰਾਜਵਿੱਚ ਸਰਕਾਰ ਬਦਲਦੇ ਸਾਰ ਇਸਕੇਸਬਾਰੇ ਸੀਬੀਆਈ ਜਾਂਚ ਦਾ ਆਦੇਸ਼ ਵਾਪਸ ਲੈ ਲਿਆ ਗਿਆਅਤੇ ਪੰਜਾਬ ਸਰਕਾਰ ਵੱਲੋਂਬਣਾਈ ਇੱਕਐੱਸ ਆਈ ਟੀ ਨੂੰ ਜਾਂਚ ਸੌਂਪੀ ਗਈ ਸੀ।

ਪਿਛਲੇ ਸਾਲ 6 ਜੁਲਾਈ ਨੂੰ ਇਸ ਕੇਸ ਵਿੱਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਨਾਮਜ਼ਦ ਕੀਤਾ ਗਿਆ ਤੇ ਇਸ ਤੋਂ ਡੇਢ ਸਾਲ ਬਾਅਦ ਡੇਰਾ ਮੁਖੀ ਦੇ ਖ਼ਿਲਾਫ਼ ਅਕਤੂਬਰਵਿੱਚ ਪ੍ਰੋਡਕਸ਼ਨ ਵਾਰੰਟ ਨਿਕਲੇ ਸਨ, ਜਿਸ ਨੂੰ ਹਾਈ ਕੋਰਟ ਨੇ ਰੱਦ ਕਰਦੇ ਹੋਏ ਸੁਨਾਰੀਆ ਜੇਲ੍ਹ ਵਿੱਚ ਜਾ ਕੇ ਉਸ ਤੋਂ ਪੁੱਛਗਿੱਛ ਦੇ ਹੁਕਮ ਦਿੱਤੇ ਸਨ। ਇਸ ਪਿੱਛੋਂ ਡੇਰਾ ਮੁਖੀ ਤੋਂ ਐੱਸ ਆਈ ਟੀ ਵੱਲੋਂ ਪੁੱਛਗਿੱਛ ਮਗਰੋਂ 15 ਨਵੰਬਰ ਨੂੰ ਪਟੀਸ਼ਨਰ ਨੂੰ ਨੋਟਿਸ ਜਾਰੀ ਕਰ ਕੇ ਪੁੱਛਗਿੱਛ ਲਈ ਪੇਸ਼ ਹੋਣ ਨੂੰ ਕਿਹਾ ਗਿਆ। ਪਟੀਸ਼ਨਰ ਨੇ ਕਿਹਾ ਕਿ ਉਹ ਡੇਂਗੂ ਤੋਂ ਪੀੜਤ ਹੋਣ ਕਰ ਕੇ ਪੇਸ਼ ਨਹੀਂ ਹੋ ਸਕਿਆ।ਫਿਰ ਉਸ ਨੂੰ ਪੇਸ਼ ਹੋਣ ਲਈ ਦੋਬਾਰਾ ਕਿਹਾ ਗਿਆ, ਪਰ ਉਹ ਪੇਸ਼ ਨਹੀਂ ਹੋ ਸਕਿਆ। ਪਟੀਸ਼ਨਰ ਨੇ ਹਾਈ ਕੋਰਟਨੂੰ ਕਿਹਾ ਕਿ ਉਹ ਇਸ ਕੇਸ ਦੇ ਗਵਾਹ ਵਜੋਂ ਪੇਸ਼ ਹੋ ਸਕਦਾ ਹੈ, ਪਰ ਜੇ ਉਸ ਦੇ ਖ਼ਿਲਾਫ਼ ਕੋਈ ਕਾਰਵਾਈ ਕਰਨੀ ਹੈ ਤਾਂ ਉਸ ਲਈ 7 ਦਿਨ ਦਾ ਨੋਟਿਸ ਦਿੱਤਾ ਜਾਵੇ। ਇਸ ਬਾਰੇ ਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਮੋਦੀ ਸਰਕਾਰ ਨੂੰ ਵਹਿਮ ਹੋ ਗਿਆ ਸੀ ਕਿ ਉਹ ਬਹੁਤ ਉਚੀ ਉਡਾਣ ਭਰ ਰਹੀ ਹੈ

-ਆਕਾਰ ਪਟੇਲ-

ਇਹ ਮਹੀਨਾ ਦੋ ਸਾਲ ਪਹਿਲਾਂ ਹੋਈ ਸ਼ੁਰੂਆਤ ਦੀ ਨਿਸ਼ਾਨਦੇਹੀ ਕਰਦਾ ਹੈ ਜਦੋਂ ਸਰਕਾਰ ਆਪਣਾ ਰਸਤਾ ਭਟਕ ਗਈ ਸੀ। ਦਸੰਬਰ 2019 ਤੋਂ ਦਸੰਬਰ 2021 ਤੱਕ ਦੇ ਸਮਾਂ ਕਾਲ ਬਾਰੇ ਵਖਰੇਵਾਂ ਚੀਜ਼ ਇਹ ਹੈ ਕਿ ਇਸ ਤੋਂ ਪਹਿਲਾਂ ਮੋਦੀ ਸਰਕਾਰ ਇਹ ਸੋਚਦੀ ਸੀ ਕਿ ਉਹ ਬੜੀ ਉਚੀ ਉਡਾਣ ਭਰ ਰਹੀ ਹੈ। ਇਸ ਨੇ ਉਹ ਤਿੰਨ ਚੀਜ਼ਾਂ ਕੀਤੀਆਂ, ਜਿਨ੍ਹਾਂ ਬਾਰੇ ਦਹਾਕਿਆਂ ਤੋਂ ਬੜੇ ਜ਼ੋਰਦਾਰ ਢੰਗ ਨਾਲ ਪ੍ਰਚਾਰ ਕਰ ਰਹੀ ਸੀ। ਟ੍ਰਿਪਲ ਤਲਾਕ ਨੂੰ ਅਪਰਾਧ ਬਣਾਉਣ ਵਾਲਾ ਕੰਮ 1 ਅਗਸਤ 2019 ਨੂੰ ਆਇਆ। ਸੁਪਰੀਮ ਕੋਰਟ ਪਹਿਲਾਂ ਹੀ ਟ੍ਰਿਪਲ ਤਲਾਕ ਨੂੰ ਅਯੋਗ ਐਲਾਨ ਕਰ ਚੁੱਕੀ ਸੀ। ਇਸ ਲਈ ਕੋਈ ਕਾਰਨ ਨਹੀਂ ਸੀ ਕਿ ਸਰਕਾਰ ਇਸ ਨੂੰ ਅਪਰਾਧ ਦੀ ਸ਼੍ਰੇਣੀ ਵਿੱਚ ਲਿਆਉਂਦੀ। ਪਰ ਕਿਸੇ ਵੀ ਤਰ੍ਹਾਂ ਅਜਿਹਾ ਕੀਤਾ ਗਿਆ। ਚਾਰ ਦਿਨ ਬਾਅਦ 5 ਅਗਸਤ ਨੂੰ ਕਸ਼ਮੀਰ ਦੀ ਖੁਦਮੁਖਤਾਰੀ ਖੋਹ ਲਈ, ਜੋ ਕਥਿਤ ਤੌਰ ਉੱਤੇ ਇਸ ਦੇ ਕੋਲ ਸੀ ਅਤੇ ਧਾਰਾ 370 ਨੂੰ ਰੱਦ ਕਰ ਦਿੱਤਾ ਗਿਆ। ਪਹਿਲਾਂ ਇਸ ਸਾਲ ਵਿੱਚ ਬਾਲਾਕੋਟ ਸਟ੍ਰਾਈਕਸ ਨੇ ਸਪੱਸ਼ਟ ਤੌਰ ਉੱਤੇ ਭਾਰਤ ਦੀਆਂ ਰਾਸ਼ਟਰੀ ਸੁਰੱਖਿਆ ਸਮੱਸਿਆਵਾਂ ਦਾ ਹੱਲ ਕਰ ਦਿੱਤਾ।

9 ਨਵੰਬਰ ਨੂੰ ਸੁਪਰੀਮ ਕੋਰਟ ਨੇ ਤਿੰਨ ਦਹਾਕਿਆਂ ਤੋਂ ਸਸਪੈਂਡ ਬਾਬਰੀ ਮਸਜਿਦ ਮੁੱਦੇ ਉੱਤੇ ਹਿੰਦੂ ਸੰਗਠਨਾਂ ਦੇ ਪੱਖ ਵਿੱਚ ਫੈਸਲਾ ਕੀਤਾ। ਅਮਿਤ ਸ਼ਾਹ ਦੇ ਪਾਰਲੀਮੈਂਟ ਨੂੰ ਇਹ ਭਰੋਸਾ ਦੇਣ ਦੇ ਬਾਅਦ ਕਿ ਦੇਸ਼ ਵਿਆਪੀ ਰਾਸ਼ਟਰੀ ਨਾਗਰਿਕਤਾ ਰਜਿਸਟਰ ਉੱਤੇ ਕੰਮ ਜਾਰੀ ਹੈ, 11 ਦਸੰਬਰ ਨੂੰ ਸਰਕਾਰ ਨੇ ਨਾਗਰਿਕਤਾ ਸੋਧ ਕਾਨੂੰਨ ਪਾਸ ਕਰ ਦਿੱਤਾ। ਚਾਰ ਦਿਨ ਬਾਅਦ 15 ਦਸੰਬਰ 2019 ਨੂੰ ਸ਼ਾਹੀਨ ਬਾਗ ਰੋ ਵਿਖਾਵੇ ਸ਼ੁਰੂ ਹੋ ਗਏ। ਇਨ੍ਹਾਂ ਨਾਲ ਪੱਖਪਾਤੀ ਕਾਨੂੰਨਾਂ ਦੇ ਵਿਰੁੱਧ ਰਾਸ਼ਟਰ ਪੱਧਰੀ ਅੰਦੋਲਨ ਦੀ ਸ਼ੁਰੂਆਤ ਹੋਈ। ਇਸ ਦੇ ਬਾਅਦ ਸਰਕਾਰ ਆਪਣਾ ਏਜੰਡਾ ਲਾਗੂ ਕਰਨ ਵਿੱਚ ਸਮਰੱਥ ਨਹੀਂ ਰਹੀ ਤੇ ਇਹ ਦੇਖਣਾ ਹੈਰਾਨੀਜਨਕ ਹੈ ਕਿ ਸ਼ਾਹੀਨ ਬਾਗ ਤੋਂ ਪਹਿਲਾਂ ਦੇ 9 ਮਹੀਨੇ ਦੀ ਤੁਲਨਾ ਵਿੱਚ ਅੱਗੇ ਦੋ ਸਾਲਾਂ ਤੋਂ ਕੀ ਹੋਇਆ। ਯਕੀਨੀ ਤੌਰ ਉੱਤੇ ਐਨ ਆਰ ਸੀ ਨੂੰ ਤਾਕ ਉੱਤੇ ਰੱਖਣ ਦੇ ਬਾਅਦ ਅਗਲਾ ਕਦਮ ਵਾਪਸ ਖਿੱਚਿਆ ਗਿਆ। ਦੇਸ਼ ਵਿੱਚ ਵਿਧਾਨ ਸਭਾਵਾਂ ਨੇ ਐਨ ਐਰ ਸੀ ਦੇ ਵਿਰੁੱਧ ਮਤੇ ਪਾਸ ਕੀਤੇ। ਇਨ੍ਹਾਂ ਵਿੱਚੋਂ ਆਖਰੀ ਸੀ 20 ਫਰਵਰੀ ਨੂੰ ਬਿਹਾਰ ਵੱਲੋਂ, ਜਿੱਥੇ ਭਾਜਪਾ ਵਿਧਾਇਕਾਂ ਨੇ ਉਸ ਮਤੇ ਦੇ ਵਿਰੁੱਧ ਇਕਮਤ ਹੋ ਕੇ ਵਿਰੋਧ ਪ੍ਰਗਟਾਇਆ ਜਿਸ ਦੇ ਬਾਰੇ ਸ਼ਾਹ ਨੇ ਵਾਅਦਾ ਕੀਤਾ ਸੀ ਕਿ ਪਾਰਲੀਮੈਂਟ ਵਿੱਚ ਆ ਰਿਹਾ ਹੈ। ਸ਼ਾਹੀਨ ਬਾਗ ਰੋਸ ਵਿਖਾਵੇ ਅਗਲੇ ਮਹੀਨੇ ਖਤਮ ਹੋ ਗਏ ਪਰ ਜਿੱਤ ਪਹਿਲਾਂ ਹਾਸਲ ਕਰ ਲਈ ਗਈ ਸੀ।



ਦਿੱਲੀ ਵਿੱਚ ਹੋਈ ਤਬਾਹੀ ਤੇ ਅਨੁਰਾਗ ਕਸ਼ਯਪ ਅਤੇ ਕਪਿਲ ਮਿਸ਼ਰਾ ਵਰਗੀਆਂ ਹਸਤੀਆਂ ਦਾ ਗੁੱਸਾ ਦਰਸਾਉਂਦਾ ਹੈ ਕਿ ਲੱਗੀ ਸੱਟ ਨਾਲ ਸਰਕਾਰ ਕਿੰਨੀ ਬੁਰੀ ਤਰ੍ਹਾਂ ਪ੍ਰਭਾਵਤ ਹੋਈ ਹੈ। ਮਾਰਚ ਵਿੱਚ ਮਹਾਮਾਰੀ ਸ਼ੁਰੂ ਹੋ ਗਈ ਅਤੇ ਲਾਕਡਾਊਨ ਨੇ ਭਾਰਤੀ ਅਰਥ ਵਿਵਸਥਾ ਨੂੰ ਚੌਪਟ ਕਰ ਦਿੱਤਾ। ਪ੍ਰਤੀ ਵਿਅਕਤੀ ਜੀ ਡੀ ਪੀ ਬੰਗਲਾ ਦੇਸ਼ ਤੋਂ ਪਿੱਛੇ ਚਲੀ ਗਈ, ਵਿੱਤੀ ਘਾਟਾ ਬਹੁਤ ਜ਼ਿਆਦਾ ਹੋ ਗਿਆ ਅਤੇ ਤਣਾਅ ਗ੍ਰਸਤ ਸਰਕਾਰ ਨੇ ਪ੍ਰਸ਼ਾਸਨ ਦੀਆਂ ਲਾਗਤਾਂ ਨੂੰ ਪੈਟਰੋਲ ਤੇ ਡੀਜ਼ਲ ਉੱਤੇ ਤਸੀਹੇ ਪੂਰਨ ਟੈਕਸਾਂ ਰਾਹੀਂ ਸਾਰੇ ਭਾਰਤੀਆਂ ਉੱਤੇ ਲੱਦ ਦਿੱਤਾ। ਲਾਕਡਾਊਨ ਦਾ ਅਸਰ ਵਿੱਤੀ ਸਾਲ 2020-21 ਦੇ ਪੂਰੇ 12 ਮਹੀਨਿਆਂ ਤੱਕ ਮਹਿਸੂਸ ਕੀਤਾ ਗਿਆ ਅਤੇ ਅਜੇ ਵੀ ਅਸੀਂ ਇਸ ਤੋਂ ਉਭਰਨਾ ਹੈ।

ਮਹਾਮਾਰੀ ਦੌਰਾਨ 23 ਕਰੋੜ ਭਾਰਤੀ ਗ਼ਰੀਬੀ ਵਿੱਚ ਡੁੱਬ ਗਏ ਅਤੇ ਬੇਰੋਜ਼ਗਾਰੀ ਦੀ ਦਰ ਜੋ 1947 ਦੇ ਬਾਅਦ ਪਹਿਲਾਂ ਹੀ 2018 ਤੱਕ 6 ਫ਼ੀਸਦੀ ਦੀ ਉਚਾਈ ਤੱਕ ਪਹੁੰਚ ਗਈ ਸੀ, ਉਥੇ ਹੀ ਰਹੀ। ਜੂਨ 2020 ਵਿੱਚ ਮਹਾਮਾਰੀ ਦੌਰਾਨ ਖੇਤੀ ਆਰਡੀਨੈਂਸ ਪਾਸ ਕੀਤੇ ਗਏ। ਸਤੰਬਰ ਵਿੱਚ ਬਿਨਾਂ ਵੋਟਾਂ ਦੇ ਪਾਰਲੀਮੈਂਟ ਵਿੱਚ ਬਿੱਲ ਪਾਸ ਕਰਵਾ ਦਿੱਤੇ ਗਏ। ਨਵੰਬਰ ਦੇ ਅਖੀਰ ਵਿੱਚ ਕਿਸਾਨ ਦਿੱਲੀ ਦੇ ਬਹਾਰੀ ਇਲਾਕਿਆਂ ਵਿੱਚ ਪਹੁੰਚ ਗਏ ਅਤੇ ਅੱਜ ਵੀ ਉਥੇ ਡਟੇ ਹੋਏ ਹਨ। ਬਿਨਾਂ ਸ਼ੱਕ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਵਾਪਸ ਲੈ ਲਏ ਹਨ, ਪਰ ਉਹ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਦੇ ਮਾਮਲੇ ਵਿੱਚ ਸੰਕਟ ਦਾ ਸਾਹਮਣਾ ਕਰ ਰਹੀ ਹੈ। ਉਹ ਅੰਦੋਲਨ ਦੇ ਸਿੱਟਿਆਂ ਬਾਰੇ ਵੀ ਚਿੰਤਤ ਹੈ, ਖਾਸ ਕਰ ਕੇ ਪੱਛਮੀ ਉਤਰ ਪ੍ਰਦੇਸ਼ ਦੇ ਕਿਸਾਨਾਂ ਵਿੱਚ ਕਿਉਂਕਿ ਕੁਝ ਹੀ ਮਹੀਨਿਆਂ ਬਾਅਦ ਇਸ ਸੂਬੇ ਵਿੱਚ ਚੋਣਾਂ ਹੋਣ ਵਾਲੀਆਂ ਹਨ।

ਰਾਸ਼ਟਰਪਤੀ ਚੋਣਾਂ ਵਿੱਚ ਮੋਦੀ ਦੇ ਮਿੱਤਰ ਟਰੰਪ ਨੂੰ ਹਰਾਉਣ ਪਿੱਛੋਂ ਜਨਵਰੀ ਵਿੱਚ ਬਾਈਡੇਨ ਪ੍ਰਸ਼ਾਸਨ ਨੇ ਸਹੁੰ ਚੁੱਕੀ (ਜਾਪਾਨ ਦੇ ਏਬੇ ਵਰਗੇ ਇੱਕ ਹੋਰ ਮਿੱਤਰ ਵੀ ਸਾਥ ਛੱਡ ਗਏ)। ਕੁਝ ਦਿਨ ਬਾਅਦ ਭਾਰਤ ਨੇ ਬਾਈਡੇਨ ਦੇ ਲੋਕਤੰਤਰ ਦੇ ਦਬਾਅ ਦੇ ਡਰੋਂ ਕਸ਼ਮੀਰੀਆਂ ਉੱਤੇ 17 ਮਹੀਨਿਆਂ ਤੱਕ ਜਾਰੀ ਇੰਟਰਨੈਟ ਦੀ ਰੋਕ ਹਟਾ ਦਿੱਤੀ। ਮਈ 2020 ਵਿੱਚ ਭਾਰਤ ਨੂੰ ਦੱਸਿਆ ਗਿਆ ਕਿ ਚੀਨੀ ਹਮਲਾਵਰ ਵਜੋਂ ਲੱਦਾਖ ਵਿੱਚ ਅੱਗੇ ਵਧ ਰਹੇ ਹਨ। ਬੀਤੇ ਸਾਲ 15 ਜੂਨ ਨੂੰ ਦੋਵਾਂ ਧਿਰਾਂ ਵਿਚਾਲੇ ਡਾਂਗਾਂ ਅਤੇ ਪੱਥਰਾਂ ਨਾਲ ਝੜਪ ਹੋਈ ਅਤੇ 20 ਭਾਰਤੀਆਂ ਨੇ ਜਾਨ ਗਵਾ ਲਈ। ਸਰਹੱਦ ਦੇ ਨਾਲ ਸਥਿਤੀ ਤਣਾਅ ਪੂਰਨ ਬਣੀ ਹੋਈ ਹੈ ਤੇ ਸਰਕਾਰ ਨੇ ਅਚਾਨਕ ਕੰਟਰੋਲ ਰੇਖਾ ਉੱਤੇ ਪਾਕਿ-ਸਤਾਨ ਦੇ ਨਾਲ ਸ਼ਾਂਤੀ ਕਾਇਮ ਕਰ ਦਿੱਤੀ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਫ਼ੌਜੀਆਂ ਨੂੰ ਚੀਨ ਵੱਲ ਭੇਜ ਦਿੱਤਾ। ਅਜਿਹਾ ਮੰਨਿਆ ਜਾਂਦਾ ਸੀ ਕਿ ਕੌਮੀ ਸੁਰੱਖਿਆ ਦੀ ਸਮੱਸਿਆ ਬਾਲਾਕੋਟ ਦੇ ਬਾਅਦ ਹੱਲ ਕਰ ਲਈ ਗਈ ਜੋ ਸਪੱਸ਼ਟ ਤੌਰ ਉੱਤੇ ਕਿਸੇ ਵੀ ਤਰ੍ਹਾਂ ਸੁਲਝਾਈ ਨਹੀਂ ਜਾ ਸਕੀ। ਭਾਰਤ ਉੱਤੇ ਅਮਰੀਕਾ ਦੇ ਦੋ ਹੋਰਨਾਂ ਦੇਸ਼ਾਂ ਦੇ ਨਾਲ ਸਮੁੰਦਰੀ ਫ਼ੌਜ ਗਠਜੋੜ (ਜਿਸ ਨੂੰ ਕਵਾਡ ਕਿਹਾ ਜਾਂਦਾ ਹੈ) ਦਾ ਇਸ ਸਾਲ ਦਰਜਾ ਘਟਾ ਦਿੱਤਾ ਗਿਆ ਜਦੋਂ ਅਮਰੀਕਾ ਨੇ ਖੇਤਰ ਵਿੱਚ ਬ੍ਰਿਟੇਨ ਅਤੇ ਆਸਟ੍ਰੇਲੀਆ ਦੇ ਨਾਲ ਇੱਕ ਪੂਰਨ ਫ਼ੌਜ ਤੇ ਸਮੁੰਦਰੀ ਫ਼ੌਜੀ ਗਠਜੋੜ ਦਾ ਐਲਾਨ ਕਰ ਦਿੱਤਾ।

ਕਸ਼ਮੀਰ ਦਾ ਮੁੱਦਾ ਵੀ 'ਅਣਸੁਲਝਿਆ' ਸਾਬਤ ਹੋਇਆ। ਸੂਬੇ ਵਿੱਚ ਅੱਜ ਕੋਈ ਲੋਕਤੰਤਰ ਨਹੀਂ ਹੈ ਅਤੇ ਇਹ ਇੱਕੋ-ਇੱਕ ਭਾਰਤੀ ਸੂਬਾ/ ਕੇਂਦਰ ਸ਼ਾਸਿਤ ਸੂਬਾ ਹੈ ਜਿੱਥੇ ਕੋਈ ਚੁਣੀ ਹੋਈ ਸਰਕਾਰ ਨਹੀਂ ਜਿਵੇਂ ਅਸੀਂ ਰੋਜ਼ਾਨਾ ਦੀਆਂ ਘਟਨਾਵਾਂ ਤੇ ਅਕੰੜਿਆਂ ਨੂੰ ਦੇਖ ਸਕਦੇ ਹਾਂ। ਹਿੰਸਾ ਵਿੱਚ ਕੋਈ ਕਮੀ ਨਹੀਂ ਆਈ। ਇੱਥੋਂ ਤੱਕ ਕਿ ਇੱਥੇ ਆਬਾਦੀ ਹੋਰ ਜ਼ਿਆਦਾ ਦੁਸ਼ਮਣੀ ਵਾਲੀ ਬਣ ਗਈ ਹੈ। ਫ਼ੌਜ, ਜਿਸ ਨੂੰ ਦੋ ਕੰਮ ਸੌਂਪੇ ਗਏ: ਪਾਕਿਸਤਾਨ ਨਾਲ ਲੱਗਦੀ ਦੁਸ਼ਮਣੀ ਵਾਲੀ ਸਰਹੱਦ ਦਾ ਪ੍ਰਬੰਧ ਕਰਨਾ ਅਤੇ ਕਸ਼ਮੀਰ ਵਿੱਚ ਬਗਾਵਤ ਨਾਲ ਨਜਿੱਠਣ ਲਈ, ਫਿਰ ਤੀਸਰੀ ਪ੍ਰਮੁੱਖ ਚੀਜ਼ ਕਰਨੀ ਪੈ ਰਹੀ ਹੈ ਅਤੇ ਉਹ ਹੈ ਚੀਨ। ਇਹ ਦੇਖਣਾ ਸੌਖਾ ਨਹੀਂ ਕਿ ਕਿਵੇਂ ਸਰਕਾਰ ਅਤੇ ਪ੍ਰਧਾਨ ਮੰਤਰੀ ਮੋਦੀ ਦੇ ਦੌਰ ਵਿੱਚੋਂ ਆਸਾਨੀ ਨਾਲ ਬਾਹਰ ਨਿਕਲਦੇ ਹਨ। ਅਜਿਹੇ ਕਿਹਾ ਜਾਂਦਾ ਸੀ ਕਿ ਇਸ ਸਾਲ ਅਰਥ ਵਿਵਸਥਾ 8 ਫ਼ੀਸਦੀ ਤੋਂ ਵੱਧ ਦੀ ਦਰ ਨਾਲ ਵਧੇਗੀ ਪਰ ਕੁਲ ਜੀ ਡੀ ਪੀ ਦੀ ਦਰ ਉਥੇ ਹੀ ਵਾਪਸ ਪਹੁੰਚ ਗਈ ਹੈ ਜਿੱਥੇ ਇਹ ਮਹਾਮਾਰੀ ਤੋਂ ਪਹਿਲਾਂ ਸੀ ਹੁਣ, ਜਦੋਂ ਇਹ ਰੀਂਗਣ ਵਰਗੀ ਮੱਠੀ ਰਫ਼ਤਾਰ ਸੀ।

ਸ਼ਾਇਦ ਭਾਜਪਾ ਉਤਰ ਪ੍ਰਦੇਸ਼ ਦੀ ਚੋਣ ਜਿੱਤ ਲਵੇਗੀ ਪਰ ਉਹ ਇੱਕ ਸਿਆਸਤੀ ਜਿੱਤ ਹੋਵੇਗੀ ਅਤੇ ਅਰਥ ਵਿਵਸਥਾ ਨੂੰ ਲੈ ਕੇ ਰਾਸ਼ਟਰੀ ਸੁਰੱਖਿਆ ਅਤੇ ਅਸੰਤੁਸ਼ਟ ਕਿਸਾਨਾਂ ਅਤੇ ਘੱਟ ਗਿਣਤੀਆਂ ਦੀਆਂ ਸਮੱਸਿਆਵਾਂ ਜਿਉਂ ਦੀਆਂ ਤਿਉਂ ਬਣੀਆਂ ਰਹਿਣਗੀਆਂ।


# ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

**CANADIAN GLASS AND WINDOW**


SINGH (TOCHI)
416-454-3031
647-784-8240
Email: tochisangha1@hotmail.com



# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


## -ਮਿੰਨੀ ਕਹਾਣੀ-

### ਕੰਜਕਾਂ

-ਨਵਨੀਤ ਸਿੰਘ

ਅੱਜ ਨਰਾਤਿਆਂ ਦਾ ਅਖੀਰਲਾ ਦਿਨ ਹੋਣ ਕਾਰਨ ਘਰ ਜੋਤਾਂ ਜਗਾਈਆਂ ਸੀ। ਮੇਰੀ ਘਰਵਾਲੀ ਆਖਣ ਲੱਗੀ, "ਅਸੀਂ ਕੰਜਕਾਂ ਦੇਣੀਆਂ ਨੇ। ਆਪਣੇ ਘਰ ਤਾਂ ਦੇਵੀ ਮਾਤਾ ਦੀ ਕਿਰਪਾ ਨਾਲ ਤਿੰਨ ਲੜਕੇ ਪੈਦਾ ਹੋਏ, ਜਾਓ ਗੁਆਂਢ ਵਿੱਚ ਹੋਣੀਆਂ ਧੀਆਂ ਲਿਆਓ ਆਵਾਜ਼ ਮਾਰ ਕੇ।" ਮੈਂ ਚੁੱਪ ਕੀਤਾ ਚਲਾ ਗਿਆ। ਗੁਆਂਢ, ਇੱਕ ਘਰ, ਦੂਜਾ ਅਤੇ ਤੀਜਾ ਇਸ ਤਰ੍ਹਾਂ ਛੇ-ਸੱਤ, ਅੱਠ, ਦਸ ਘਰ ਫਿਰੇ ਕਿਧਰੇ ਕੰਜਕ ਨਜ਼ਰ ਨਹੀਂ ਆਈ, ਫਿਰ ਮੈਨੂੰ ਕਿਸੇ ਨੇ ਕਿਹਾ ਰੁਲਦੂ ਦੇ ਘਰ ਜਾ।

ਮੈਂ ਰੁਲਦੂ ਦੇ ਘਰ ਗਿਆ ਆਵਾਜ਼ ਮਾਰੀ, "ਓ ਰੁਲਦਾ ਸਿਆਂ ਘਰੇ ਓ?"

"ਆਓ ਜੀ, ਜੀ ਆਇਆਂ ਨੂੰ ਲਾਲਾ ਜੀ, ਅੱਜ ਕਿੱਦਾਂ ਆਉਣੇ ਹੋਏ?"

"ਰੁਲਦਾ ਸਿਆਂ! ਆਪਣੀਆਂ ਗੁੱਡੀਆਂ ਨਜ਼ਰ ਨਹੀਂ ਆਉਂਦੀਆਂ ਕਿੱਥੇ ਗਈਆਂ?"

'ਜੀ ਅੱਜ ਕੰਜਕਾਂ ਸੀ ਨਾ, ਇਸ ਲਈ ਸਵੇਰ ਦਾ ਕੋਈ ਨਾ ਕੋਈ ਮੇਰੀਆਂ ਧੀਆਂ ਨੂੰ ਆਪਣੇ ਘਰੋ-ਘਰੀ ਲਿਜਾ ਰਿਹਾ ਹੈ ਤੇ ਮੈਂ ਵੀ ਮਨ੍ਹਾ ਨਹੀਂ ਕੀਤਾ ਕਿਸੇ ਨੂੰ..., ਆਖਰ ਧੀ ਤਾਂ ਸਭ ਦੀ ਸਾਂਝੀ ਹੁੰਦੀ ਐ।"

"ਅੱਛਾ ਰੁਲਦਾ ਸਿਆਂ ਤੇਰੀ ਘਰਵਾਲੀ ਨੇ ਕੰਜਕਾਂ ਦੀ ਪੂਜਾ ਕਰ ਲਈ ਜੋਤਾਂ ਜਗਾ ਲਈਆਂ?"

ਰੁਲਦਾ ਇਕਦਮ ਬੋਲਿਆ, "ਲਾਲਾ ਜੀ ਮੇਰਾ ਤਾਂ ਵਿਆਹ ਨਹੀਂ ਹੋਇਆ, ਫਿਰ ਘਰਵਾਲੀ ਕਿੱਥੋਂ ਆਉਣੀ?"

ਮੈਂ ਕਿਹਾ, "ਰੁਲਦਾ ਸਿਆਂ ਜੇ ਵਿਆਹ ਨਹੀਂ ਹੋਇਆ ਤਾਂ ਏਨੀਆਂ ਧੀਆਂ ਕਿੱਥੋਂ ਆਈਆਂ, ਜੋ ਤੇਰੇ ਘਰ ਨੇ?"

ਰੁਲਦੇ ਦਾ ਜਵਾਬ ਸੁਣ ਮੈਂ ਹੈਰਾਨ ਰਹਿ ਗਿਆ, "ਲਾਲ ਜੀ, ਇਹ ਸਭ ਉਹ ਧੀਆਂ ਨੇ ਜੋ ਮੈਨੂੰ ਸੜਕ ਕਿਨਾਰੇ, ਕੋਈ ਮੰਦਰ ਦੀ ਕੰਧ ਦੇ ਪਿਛਲੇ ਪਾਸੇ, ਕੋਈ ਗੁਰਦੁਆਰੇ ਦੇ ਗੇਟ ਮੂਹਰੇ ਲੱਗੇ ਪੰਘੂੜੇ ਅਤੇ ਕੋਈ ਕੂੜੇ ਦੇ ਢੇਰ ਉੱਤੇ ਮਿਲੀ, ਇਨ੍ਹਾਂ ਨੂੰ ਕੁੱਤੇ ਨਾ ਨੋਚ ਖਾਣ ਇਸ ਲਈ ਘਰ ਲੈ ਆਉਂਦਾ ਸੀ, ਬੱਸ ਇਹ ਸਭ ਮੇਰੀਆਂ ਧੀਆਂ ਨੇ ਅਤੇ ਓਹ ਜੋ ਵੱਡੀ ਤੁਰੀ ਆਉਂਦੀ ਹੈ ਇਹ ਮੈਨੂੰ ਤਲਾਬ ਵਾਲੇ ਮੰਦਰ ਪਿੱਛੋਂ ਮਿਲੀ ਸੀ।"

ਜਦ ਰੁਲਦੇ ਨੇ ਏਨੀ ਗੱਲ ਸੁਣੀ ਤਾਂ ਮੇਰੇ ਪੈਰਾਂ ਹੇਠਾਂ ਜ਼ਮੀਨ ਖਿਸਕ ਗਈ, ਮੈਂ ਦੱਬੇ ਪੈਰੀਂ ਘਰ ਆ ਗਿਆ। ਸਾਰੀ ਗੱਲ ਘਰਵਾਲੀ ਨੂੰ ਦੱਸੀ। ਅਸੀਂ ਦੋਵੇਂ ਭੁੱਬਾਂ ਮਾਰ ਰੋਏ। ਅੱਜ ਤੋਂ ਪੰਜ ਸਾਲ ਪਹਿਲਾਂ ਜੋ ਸਾਡੇ ਘਰ ਲੜਕੀ ਪੈਦਾ ਹੋਈ ਸੀ ਤਾਂ ਅਸੀਂ ਓਹ ਲਿਫਾਫੇ ਵਿੱਚ ਬੰਨ੍ਹ ਕੇ ਮੰਦਰ ਦੇ ਪਿੱਛੇ ਸੁੱਟ ਆਏ ਸੀ। ਜੋ ਸਭ ਤੋਂ ਵੱਡੀ ਧੀ ਰੁਲਦੇ ਕੋਲ ਸੀ, ਉਹ ਕੋਈ ਹੋਰ ਨਹੀਂ, ਸਾਡੀ ਆਪਣੀ ਧੀ ਸੀ, ਸਾਡੇ ਕੋਲ ਪਛਤਾਵੇ ਤੋਂ ਇਲਾਵਾ ਕੁਝ ਨਹੀਂ, ਮੈਨੂੰ ਓਸੇ ਵੇਲੇ ਇਹ ਜੋਤਾਂ ਪੂਜਾ ਸਭ ਬੇਕਾਰ ਲੱਗੀ ਕਿਉਂਕਿ ਆਪਣੀ ਦੇਵੀ ਨੂੰ ਪੂਜਣਾ ਮੇਰੇ ਲਈ ਲਾਹਨਤ ਸੀ ਹੋਰ ਕੁਝ ਨਹੀਂ। ਕਿਸੇ ਨੇ ਸੱਚ ਕਿਹਾ ਰੱਬ ਧੀ ਵੀ ਓਸ ਘਰ ਦਿੰਦਾ ਜਿਨ੍ਹਾਂ ਦੀ ਔਕਾਤ ਧੀ ਪਾਲਣ ਦੀ ਹੋਵੇ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer<br>Marketing: | Aman Warraich<br>Sajandeep Singh |



Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.


## ਵਿਅੰਗ

### ਵੋ ਅਫਸਾਨਾ, ਜਿਸੇ ਅੰਜਾਮ ਤੱਕ ਲਾਨਾ ਨਾ ਹੋ ਮੁਮਕਿਨ

ਚੇਤਨਾਦਿੱਤਿਆ ਆਲੋਕ

ਜਦੋਂ ਤੋਂ ਸਾਹਿਬ ਨੇ ਸਿਆਸਤ ਵਿੱਚ ਵੱਡਾ ਅਹੁਦਾ ਹਾਸਲ ਕੀਤਾ ਹੈ, ਉਦੋਂ ਤੋਂ ਉਨ੍ਹਾਂ ਦੇ ਦੁਸ਼ਮਣਾਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋਇਆ ਹੈ। ਇਹ ਸ਼ੁੱਭ ਕੰਮ ਦਰਅਸਲ ਉਨ੍ਹਾਂ ਦੇ ਅਸੂਲਾਂ ਕਾਰਨ ਸੰਭਵ ਹੋਇਆ ਹੈ। ਹਾਲਾਂਕਿ ਅਸੂਲਾਂ ਵਾਲੇ ਉਹ ਸਦਾ ਤੋਂ ਹੀ ਸਨ, ਪਰ ਜਦੋਂ ਵੱਡਾ ਅਹੁਦਾ ਮਿਲਿਆ ਤਾਂ ਉਨ੍ਹਾਂ ਦੇ ਅਸੂਲ ਵੀ ਵੱਡੇ ਹੋ ਗਏ। ਫਿਰ ਜਿਵੇਂ ਜਿਵੇਂ ਉਹ ਤਰੱਕੀ ਦੀਆਂ ਪੌੜੀਆਂ ਚੜ੍ਹਦੇ ਗਏ, ਉਨ੍ਹਾਂ ਦੇ ਅਸੂਲ ਵੀ ਵੱਡੇ ਅਤੇ ਹੋਰ ਵੱਡੇ ਹੁੰਦੇ ਗਏ। ਇੰਨਾ ਜ਼ਿਆਦਾ ਵਿਕਾਸ ਅਸੂਲਾਂ ਦੇ ਕਾਰਨ, ਸਿਆਸਤ ਦੀ ਕੋਈ ਗਲੀ ਐਸੀ ਨਹੀਂ, ਜਿੱਥੇ ਉਨ੍ਹਾਂ ਦੇ ਦੁਸ਼ਮਣ ਨਾ ਹੋਣ। ਹਾਲਤ ਇਹ ਹੈ ਕਿ ਉਨ੍ਹਾਂ ਦੇ ਕੁਝ ਵੀ ਬੋਲਣ ਜਾਂ ਕਰਨ ਉੱਤੇ ਚਾਰੇ ਪਾਸੇ ਖੁੰਬਾਂ ਵਾਂਗ ਵਿਰੋਧ ਦੇ ਸੁਰ ਫੁੱਟਣ ਲੱਗਦੇ ਹਨ। ਇੰਝ ਜਾਪਦਾ ਹੈ ਕਿ ਜਿਵੇਂ ਉਨ੍ਹਾਂ ਦਾ ਕੁਝ ਵੀ ਬੋਲਣਾ ਜਾਂ ਕਰਨਾ ਭ੍ਰਿਸ਼ਟਾਚਾਰ ਵਿੱਚ ਲਿੱਬੜਨ ਜਾਂ ਕਾਲੇ ਧਨ ਦੇ ਦੋਸ਼ੀ ਹੋਣ ਵਰਗਾ ਹੋ ਗਿਆ ਹੈ। ਕਈ ਵਾਰ ਉਹ ਆਪਣੇ ਛੋਟੇ ਸਾਹਿਬਾਂ ਦੇ ਨਿਸ਼ਾਨੇ ਉੱਤੇ ਅਜਿਹੇ ਆ ਜਾਂਦੇ ਹਨ, ਜਿਵੇਂ ਵਿਰੋਧੀ ਧਿਰ ਦੇ ਨੇਤਾ ਹੋਣ। ਉਨ੍ਹਾਂ ਦੀ ਇਸ ਹਾਲਤ ਤੋਂ ਉਨ੍ਹਾਂ ਦੇ ਚਾਹੁਣ ਵਾਲੇ, ਸਗੋਂ ਮੈਨੂੰ ਕਹਿਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਹਿਤੈਸ਼ੀ ਬਹੁਤ ਪ੍ਰੇਸ਼ਾਨ ਰਹਿਣ ਲੱਗੇ ਹਨ। ਕੁਝ ਦੂਰਦਰਸ਼ੀ ਕਿਸਮ ਦੇ ਹਿਤੈਸ਼ਆਂ ਨੇ ਵੱਡੇ ਸਾਹਿਬ ਨੂੰ ਬਹੁਤ ਪਹਿਲਾਂ ਸਮਝਾਇਆ ਸੀ ਕਿ ਉਹ ਸੰਭਲ ਜਾਣ, ਨਹੀਂ ਤਾਂ ਦੁਸ਼ਮਣਾਂ ਤੋਂ ਪਾਰ ਪਾਉਣਾ ਕਿਤੇ ਮੁਸ਼ਕਲ ਨਾ ਹੋ ਜਾਵੇ। ਇੱਕ ਹਿਤੈਸ਼ੀ ਨੇ ਉਨ੍ਹਾਂ ਨੂੰ ਸ਼ਾਇਰਾਨਾ ਅੰਦਾਜ਼ ਵਿੱਚ ਇਸ ਤਰ੍ਹਾਂ ਸਮਝਾਉਣਾ ਚਾਹਿਆ ਸੀ :

'ਹਰ ਏਕ ਸ਼ਖਸ਼ ਕੋ ਦੁਸ਼ਮਨ ਅਗਰ ਬਨਾਓਗੇ,
ਮਿਜ਼ਾਜ ਪੂਛਨੇ ਵਾਲਾ ਕਹਾਂ ਸੇ ਲਾਓਗੇ।'

ਉਦੋਂ ਵੱਡੇ ਸਾਹਿਬ ਉਸ ਦੀ ਗੱਲ ਮੰਨਣ ਦੀ ਥਾਂ ਉਸ ਨਾਲ ਨਾਰਾਜ਼ ਹੋ ਗਏ। ਬਹੁਤ ਪਹਿਲਾਂ ਉਨ੍ਹਾਂ ਦੇ ਇੱਕ ਪਰਮ ਹਿਤੈਸ਼ੀ ਨੇ, ਜੋ ਅੱਜ ਦੁਨੀਆ ਵਿੱਚ ਨਹੀਂ, ਉਨ੍ਹਾਂ ਤੋਂ ਦੁਖੀ ਹੋਣ ਪਿੱਛੋਂ ਵੀ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ:

'ਤੁਮਹੇਂ ਅਸੂਲ ਤੁਮਹਾਰੇ ਹੀ ਮਾਰ ਡਾਲੇਂਗੇ,
ਨਾ ਅਪਨੇ ਆਪ ਕੋ ਇਨਸੇ ਅਗਰ ਬਚਾਓਗੇ।
ਯੇਹ ਅਹਿਦ ਤੁਮਸੇ ਅਗਰ ਹੋ ਸਕੇ ਤੋ ਕਰ ਲੇਨਾ,
ਹਮਾਰੇ ਬਾਅਦ ਕਿਸੀ ਕਾ ਨਾ ਦਿਲ ਦੁਖਾਓਗੇ।'

ਕਾਸ਼! ਉਸ ਹਿਤੈਸ਼ੀ ਦੀ ਗੱਲ ਜੇ ਵੱਡੇ ਸਾਹਿਬ ਨੇ ਓਦੋਂ ਮੰਨ ਲਈ ਹੁੰਦੀ ਤਾਂ ਅੱਜ ਉਨ੍ਹਾਂ ਦੀ ਇੰਨੀ ਕਿਰਕਿਰੀ ਨਾ ਹੋ ਰਹੀ ਹੁੰਦੀ। ਉਂਝ ਸੱਚ ਕਹੀਏ ਤਾਂ ਇਸ ਵਿੱਚ ਵੱਡੇ ਸਾਹਿਬ ਦਾ ਕੋਈ ਦੋਸ਼ ਵੀ ਨਹੀਂ, ਕਿਉਂਕਿ ਅਸਲ ਵਿੱਚ ਅਕਾਸ਼ ਉੱਤੇ ਚੜ੍ਹਦਾ ਹੋਇਆ ਸੂਰਜ ਅਤੇ ਕਾਮਯਾਬੀ ਦੀਆਂ ਉਚਾਈਆਂ ਨੂੰ ਛੂੰਹਦਾ ਹੋਇਆ ਵਿਅਕਤੀ ਕਿੱਥੇ ਕਿਸੇ ਦੀ ਗੱਲ ਸੁਣਦਾ ਹੈ, ਇਸ ਲਈ ਉਨ੍ਹਾਂ ਨੇ ਵੀ ਕਿਸੇ ਦੀ ਗੱਲ ਨਹੀਂ ਸੁਣੀ ਤਾਂ ਕੀ ਬੁਰਾ ਕੀਤਾ!

ਫਿਲਹਾਲ ਖੁਦ ਨੂੰ ਚਾਰੇ ਪਾਸਿਓਂ ਘਿਰਦੇ-ਪਿਛੜਦੇ ਦੇਖ ਵੱਡੇ ਸਾਹਿਬ ਨੇ ਆਪਣੇ ਅਹੁਦੇ ਤੋਂ ਹੀ ਅਸਤੀਫਾ ਦੇ ਦਿੱਤਾ। ਉਹ ਵੱਡੇ ਸਾਹਿਬ ਨਾ ਹੋ ਕੇ ਪਾਰਟੀ ਵਿੱਚ ਇੱਕ ਆਮ ਵਰਕਰ ਦੀ ਹੈਸੀਅਤ ਵਿੱਚ ਆ ਗਏ। ਜ਼ਰਾ ਸਿਆਸਤ ਦੀ ਫਿਤਰਤ ਦੇਖੋ ਕਿ ਅਹੁਦਾ ਛੱਡਦੇ ਹੀ ਵੱਡੇ ਸਾਹਿਬ ਦੀ ਦੂਰ-ਦੂਰ ਤੱਕ ਪੱਸਰੀ ਚਮਕ-ਦਮਕ ਵੀ ਸਿਮਟਣ ਲੱਗੀ। ਇੱਥੋਂ ਤੱਕ ਕਿ ਉਨ੍ਹਾਂ ਦੇ ਆਲੇ ਦੁਆਲੇ ਪਰਛਾਵੇਂ ਵਾਂਗ ਮੰਡਰਾਉਂਦੇ ਰਹਿਣ ਵਾਲੇ ਸੰਗੀ-ਸਾਥੀ ਵੀ ਉਨ੍ਹਾਂ ਨੂੰ ਛੱਡਣ ਲੱਗੇ।

ਵੱਡੇ ਸਾਹਿਬ ਦੀ ਇਸ ਦੁਰਦਸ਼ਾ ਨੂੰ ਦੇਖ ਕੇ ਮੈਂ ਆਪਣੇ ਫਾਸਟ ਫ੍ਰੈਂਡ ਬਾਬੂ ਪੰਡਿਤ ਨੂੰ ਪੁੱਛਿਆ ਕਿ ਵੱਡੇ ਸਾਹਿਬ ਦੀ ਅਜਿਹੀ ਹਾਲਤ ਆਖਰ ਕਿਉਂ ਹੋ ਗਈ ਤਾਂ ਉਸ ਨੇ ਬੜੇ ਹੀ ਸ਼ਾਇਰਾਨਾ ਅੰਦਾਜ਼ ਵਿੱਚ ਕਿਹਾ :

'ਵੋ ਅਫਸਾਨਾ ਜਿਸੇ ਅੰਜਾਮ ਤਕ ਲਾਨਾ ਨਾ ਹੋ ਮੁਮਕਿਨ
ਉਸੇ ਏਕ ਖੂਬਸੂਰਤ ਮੋੜ ਦੇ ਕੇ ਛੋੜਨਾ ਅੱਛਾ।'


UK TRUCK TRAINING CENTRE
ukttc
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training




ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936



# ਖ਼ਬਰਾਂ ਪੰਜਾਬ ਦੀਆਂ

## ਕਿਸਾਨਾਂ ਦੀਆਂ ਸਮੱਸਿਆਵਾਂ ਜਾਨਣ ਲਈ ਮੁੱਖ ਮੰਤਰੀ ਨੇ ਸਰਹੱਦੀ ਖੇਤਰ ਦੇ ਪਿੰਡ ਕੁਹਾਲੀ ਦਾ ਕੀਤਾ ਦੌਰਾ

ਅੰਮ੍ਰਿਤਸਰ, 7 ਦਸੰਬਰ (ਗਿਆਨ ਸਿੰਘ) ਪੰਜਾਬ ਦੇ ਮੁੱਖ ਮੰਤਰੀ ਸ: ਚਰਨਜੀਤ ਸਿੰਘ ਚੰਨੀ ਨੇ ਸੋਮਵਾਰ ਨੂੰ ਸਰਹੱਦੀ ਖੇਤਰ ਦੇ ਕਿਸਾਨਾਂ ਦਾ ਹਾਲ-ਚਾਲ ਜਾਣਨ ਲਈ ਭਾਰਤ-ਪਾਕਿ ਸਰਹੱਦ ਨੇੜੇ ਜਿਲਾ ਅੰਮ੍ਰਿਤਸਰ ਦੇ ਪਿੰਡ ਕੁਹਾਲੀ ਦਾ ਦੌਰਾ ਕੀਤਾ। ਉਨਾਂ ਇੱਥੇ ਇੱਕ ਪਰਿਵਾਰ ਨਾਲ ਮੱਕੀ ਦੀ ਰੋਟੀ ਅਤੇ ਸਰੋਂ ਦਾ ਸਾਗ ਦਾ ਆਨੰਦ ਲਿਆ।

ਇਸ ਦੌਰਾਨ ਉਹ ਕਿਸਾਨਾਂ ਨਾਲ ਗੱਲਬਾਤ ਕਰਕੇ ਆ ਰਹੀਆਂ ਮੁਸਕਲਾਂ ਬਾਰੇ ਜਾਣੂ ਹੋਏ ਕਿ ਕਿਵੇਂ 15 ਏਕੜ ਜਮੀਨ ਵਾਲੇ ਕਿਸਾਨ ਵੀ ਸਖਤ ਮਿਹਨਤ ਦੇ ਬਾਵਜੂਦ ਨਿੱਜੀ ਲੋੜਾਂ ਦੀ ਪੂਰਤੀ ਲਈ ਸੰਘਰਸ ਕਰ ਰਹੇ ਹਨ।

ਕਿਸਾਨਾਂ ਨੇ ਮੁੱਖ ਮੰਤਰੀ ਨੂੰ ਜਾਣੂ ਕਰਵਾਇਆ ਕਿ ਕਿਸ ਤਰਾਂ ਪਰਿਵਾਰਾਂ ਦਾ ਜਮੀਨਾਂ 'ਤੇ ਕਬਜਾ ਘਟਦਾ ਜਾ ਰਿਹਾ ਹੈ ਅਤੇ ਖੇਤੀ ਖਰਚੇ ਵੱਧਦੇ ਜਾ ਰਹੇ ਹਨ। ਉਨਾਂ ਖੇਤੀਬਾੜੀ ਨੂੰ ਲਾਹੇਵੰਦ ਧੰਦਾ ਬਣਾਉਣ ਅਤੇ ਝੋਨੇ ਦੀ ਪਰਾਲੀ ਦੇ ਵਧੀਆ ਅਤੇ ਪ੍ਰਭਾਵਸਾਲੀ ਪ੍ਰਬੰਧਨ ਨੂੰ ਯਕੀਨੀ ਬਣਾਉਣ ਬਾਰੇ ਵੀ ਕਿਸਾਨਾਂ ਦੇ ਸੁਝਾਅ ਲਏ।ਮੁੱਖ ਮੰਤਰੀ ਨੇ ਵਿਆਹ ਸਾਦੀ ਦੇ ਸਮਾਗਮਾਂ 'ਤੇ ਕਰਜੇ ਲੈ ਕੇ ਵੱਧ ਖਰਚ ਨਾ ਕਰਨ ਅਤੇ ਸਾਦੇ ਵਿਆਹ ਦੀਆਂ ਰਸਮਾਂ ਦੀ ਵਕਾਲਤ ਕੀਤੀ। ਮੁੱਖ ਮੰਤਰੀ ਨੇ ਬਜੁਰਗਾਂ ਦੀ ਸਿਹਤ ਅਤੇ ਬੱਚਿਆਂ ਦੀ ਪੜਾਈ ਦਾ ਵੀ ਹਾਲ-ਚਾਲ ਪੁੱਛਿਆ।



ਪੰਜਾਬ ਦੇ ਮੁੱਖ ਮੰਤਰੀ ਸ: ਚਰਨਜੀਤ ਸਿੰਘ ਚੰਨੀ ਕੁਹਾਲੀ ਵਿਖੇ ਕਿਸਾਨ ਪਰਿਵਾਰ ਨਾਲ ਖਾਣਾ ਖਾਂਦੇ ਹੋਏ।

## ਕੈਪਟਨ, ਸੁਖਬੀਰ ਤੇ ਭਾਜਪਾ ਦੀ ਤਿਕੜੀ ਪੰਜਾਬੀਆਂ ਦੇ ਹਿਤਾਂ ਨੂੰ ਢਾਹ ਲਾਉਣ ਲਈ ਜ਼ਿੰਮੇਵਾਰ: ਚੰਨੀ

ਚੰਡੀਗੜ੍ਹ, 7 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕੱਲ੍ਹ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਭਾਜਪਾ ਲੀਡਰਸ਼ਿਪ ਉਤੇ ਅਗਲੀਆਂ ਵਿਧਾਨ ਸਭਾ ਚੋਣਾਂ ਨੂੰ ਦੇਖ ਕੇ ਸਿਰਫ਼ ਸਿਆਸੀ ਲਾਹੇ ਲਈ ਸੂਬੇ ਦੇ ਹਿਤਾਂ ਨੂੰ ਅੰਦਰਖਾਤੇ ਨੁਕਸਾਨ ਪਹੁੰਚਾਉਣ ਦਾ ਦੋਸ਼ ਲਾਇਆ ਹੈ।ਇੱਥੇ ਇੱਕ ਨਿੱਜੀ ਚੈਨਲ ਵੱਲੋਂ ਕਰਵਾਈ ਮੀਡੀਆ ਚਰਚਾ 'ਮੰਚ ਪੰਜਾਬ' ਦੌਰਾਨ ਚੰਨੀ ਨੇ ਕਿਹਾ ਕਿ ਇਹ ਤਿੰਨੇ ਬੀਤੇ ਵਿੱਚ ਅਤੇ ਵਰਤਮਾਨ ਵਿੱਚ ਸੂਬੇ ਦੇ ਹਿਤਾਂ ਨੂੰ ਠੇਸ ਪਹੁੰਚਾਉਣ ਲਈ ਘਿਉ-ਖਿਚੜੀ ਹਨ ਅਤੇ ਭਵਿੱਖ ਵਿੱਚ ਵੀ ਆਪਣਾ ਇਹ ਏਜੰਡਾ ਜਾਰੀ ਰੱਖਣਗੇ। ਉਨ੍ਹਾਂ ਕਿਹਾ ਕਿ ਹਾਲਾਂਕਿ ਇਸ ਵਾਰ ਲੋਕਾਂ ਦੇ ਹਾਂ ਪੱਖੀ ਵਿਹਾਰ, ਜੋ ਕਾਂਗਰਸ ਤੋਂ ਇਲਾਵਾ ਕਿਸੇ ਦੇ ਹੱਕ ਵਿੱਚ ਫ਼ੈਸਲਾਕੁਨ ਨਹੀਂ, ਦੇ ਕਾਰਨ ਕਾਂਗਰਸੀ ਵਰਕਰਾਂ ਵਿੱਚ ਪੈਦਾ ਹੋਏ ਉਤਸ਼ਾਹ ਨੂੰ ਕੋਈ ਵੀ ਘੱਟ ਨਹੀਂ ਕਰ ਸਕਦਾ ਅਤੇ ਕਾਂਗਰਸ ਅੱਗੇ ਵਧਦੀ ਜਾਵੇਗੀ।

ਇਸ ਮੌਕੇ ਚਰਨਜੀਤ ਸਿੰਘ ਚੰਨੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਨਸ਼ਿਆਂ ਦੇ ਮੁੱਦੇ ਉੱਤੇ ਕਿਹਾ ਕਿ ਮਾਮਲੇ ਸਹੀ ਲੀਹ ਉੱਤੇ ਚੱਲ ਰਹੇ ਹਨ ਅਤੇ ਜਲਦੀ ਹੀ ਲੋਕਾਂ ਦੀ ਤਸੱਲੀ ਅਨੁਸਾਰ ਇਨਸਾਫ਼ ਹੋਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵਾਂ ਮੁੱਦਿਆਂ ਦੇ ਨਤੀਜੇ ਆਉਣ ਨੂੰ ਦੇਰੀ ਹੋਈ ਹੈ, ਕਿਉਂਕਿ ਇਹ ਬੁਰੀ ਤਰ੍ਹਾਂ ਉਲਝਾਏ ਗਏ ਸਨ ਪਰ ਸਰਕਾਰ ਇਨ੍ਹਾਂ ਦੇ ਤਰਕਪੂਰਨ ਅੰਤ ਵੱਲ ਵੱਧ ਰਹੀ ਹੈ।ਵਿਰੋਧੀ ਧਿਰ ਖ਼ਾਸ ਤੌਰ ਉੱਤੇ ਆਮ ਆਦਮੀ ਪਾਰਟੀ ਵੱਲੋਂ ਕੀਤੇ ਜਾਂਦੇ ਪ੍ਰਚਾਰ ਬਾਰੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਇਸ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਤੇ ਰਾਘਵ ਚੱਢਾ ਬਿਨਾਂ ਕਿਸੇ ਕਾਰਨ ਲਗਾਤਾਰ ਉਨ੍ਹਾਂ ਦੀ ਸਰਕਾਰ ਵਿਰੁੱਧ ਭੜਾਸ ਕੱਢਦੇ ਹਨ। ਉਨ੍ਹਾਂ ਕੇਜਰੀਵਾਲ ਨੂੰ ਸਲਾਹ ਦਿੱਤੀ ਕਿ ਉਹ ਇਸ ਤੱਥ ਨੂੰ ਭਲੀਭਾਂਤ ਜਾਣ ਲੈਣ ਕਿ ਉਹ ਇਸ ਸੂਬੇ ਵਿੱਚ ਕਦੇ ਸੱਤਾ ਵਿੱਚ ਨਹੀਂ ਆਉਣਗੇ। ਵਿਰੋਧੀ ਧਿਰਬਾਰੇ ਚੰਨੀ ਨੇ ਕਿਹਾ ਕਿ ਮੁੱਖ ਮੰਤਰੀ ਵਜੋਂ ਸੂਬੇ ਦੀ ਵਾਗਡੋਰ ਸੰਭਾਲਣ ਉੱਤੇ ਪਹਿਲਾਂ ਤਾਂ ਅਕਾਲੀ ਦਲ, ਭਾਜਪਾ ਤੇ ਆਮ ਆਦਮੀ ਪਾਰਟੀ ਦੇ ਆਗੂ ਉਨ੍ਹਾਂ ਦਾ ਮਜ਼ਾਕ ਉਡਾ ਕੇ ਕਹਿੰਦੇ ਸੀ 'ਇਸ ਨੇ ਕੀ ਕਰਨੈ?' ਅੱਜਕੱਲ੍ਹ ਉਨ੍ਹਾਂ ਦਾ ਪ੍ਰਦਰਸ਼ਨ ਦੇਖਣ ਪਿੱਛੋਂ ਇਹ ਕਹਿਣ ਲਈ ਮਜ਼ਬੂਰ ਹਨ ਕਿ 'ਇਸ ਦਾ ਕਰੀਏ ਕੀ?'

ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਕੈਪਟਨ ਅਮਰਿੰਦਰ ਅਤੇ ਬਾਦਲ ਦੋਸਤਾਨਾ ਮੈਚ ਖੇਡ ਰਹੇ ਹਨ ਅਤੇ ਇਸ ਵਾਰ ਵੀ ਇੱਕ ਦੂਜੇ ਨੂੰ ਸਿਆਸੀ ਲਾਭ ਪੁਚਾਉਣ ਲਈ ਅਗਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਸੀਟਾਂ ਦੀ ਵੰਡ ਵਿੱਚ ਰੁੱਝੇ ਹੋਏ ਹਨ। ਬੀ ਐਸ ਐਫ ਦੇ ਅਧਿਕਾਰ ਖੇਤਰ ਦੇ ਮੁੱਦੇ ਉੱਤੇ ਚੰਨੀ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਇਸ ਗ਼ੈਰ-ਜ਼ਿੰਮੇਵਾਰਾਨਾ ਫ਼ੈਸਲੇ ਨੂੰ ਸੂਬੇ ਦੇ ਲੋਕਾਂ ਉੱਤੇ ਥੋਪਣ ਲਈ ਅਤਿਵਾਦ ਦਾ ਝੂਠਾ ਸਹਾਰਾ ਲੈਣ ਦੀ ਕੋਸ਼ਿਸ਼ ਕਰ ਰਹੀ ਹੈ, ਜੋ ਪੰਜਾਬੀਆਂ ਦੇ ਹਿਤ ਵਿੱਚ ਨਹੀਂ। ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਕੰਮ ਉੱਤੇ ਟਿੱਪਣੀ ਕਰਨ ਲਈ ਕਹੇ ਜਾਣ ਉੱਤੇ ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਉਹ ਸਰਕਾਰ ਦੀ ਅਗਵਾਈ ਕਰ ਰਹੇ ਹਨ, ਜਦੋਂ ਕਿ ਨਵਜੋਤ ਸਿੰਘ ਸਿੱਧੂ ਪਾਰਟੀ ਪ੍ਰਧਾਨ ਹਨ ਤੇ ਦੋਵਾਂ ਸੰਗਠਨਾਂ ਵਿੱਚ ਪੂਰੀ ਇੱਕਸੁਰਤਾ ਹੈ। ਉਨ੍ਹਾਂ ਕਿਹਾ ਕਿ ਇਸ ਸਮਾਗਮ ਪਿੱਛੋਂ ਉਹ ਨਵਜੋਤ ਸਿੱਧੂ ਦੀ ਬੇਨਤੀ ਉੱਤੇ ਉਨ੍ਹਾਂ ਦੇ ਹਲਕੇ ਵਿੱਚ ਵਿਕਾਸ ਪ੍ਰਾਜੈਕਟਾਂ ਦੀ ਸ਼ੁਰੂਆਤ ਲਈ ਅੰਮ੍ਰਿਤਸਰ ਜਾ ਰਹੇ ਹਨ।



## ਜੇਲ੍ਹ ਵਿੱਚ ਸੁੱਟੇ ਪੈਕਟਾਂ ਵਿੱਚੋਂ 4 ਮੋਬਾਈਲ, ਬੈਟਰੀਆਂ, ਡਾਟਾ ਕੇਬਲ ਤੇ 5 ਹੈੱਡਫ਼ੋਨ ਮਿਲੇ

ਫ਼ਿਰੋਜ਼ਪੁਰ, 7 ਦਸੰਬਰ (ਪੋਸਟ ਬਿਊਰੋ)- ਫ਼ਿਰੋਜ਼ਪੁਰ ਦੀ ਕੇਂਦਰੀ ਜੇਲ੍ਹ ਵਿੱਚ ਸੁੱਟੇ ਪੈਕੇਟ ਵਿੱਚੋਂ ਚਾਰ ਮੋਬਾਈਲ ਫ਼ੋਨ ਸਮੇਤ ਬੈਟਰੀਆਂ, ਪਰ ਬਿਨਾਂ ਸਿੰਮ ਕਾਰਡਾਂ ਤੋਂ ਸੱਤ ਹੋਰ ਛੋਟੀਆਂ ਬੈਟਰੀਆਂ, ਪੰਜ ਡਾਟਾ ਕੇਬਲ, ਪੰਜ ਹੈੱਡਫ਼ੋਨ ਮਿਲੇ ਸਨ, ਜਿਨ੍ਹਾਂ ਬਾਰੇ ਪੁਲਸ ਅਗਲੀ ਜਾਂਚ ਕਰ ਰਹੀ ਹੈ।

ਇਸ ਬਾਰੇ ਥਾਣਾ ਸਿਟੀ ਫ਼ਿਰੋਜ਼ਪੁਰ ਪੁਲਸ ਨੇ ਦੱਸਿਆ ਕਿ 4-5 ਦਸੰਬਰ 2021 ਦੀ ਰਾਤ ਕਰੀਬ ਸਾਢੇ 12 ਵਜੇ ਸੰਤਰੀ ਮੱਸਾ ਸਿੰਘ ਚੱਕਰ ਲਾ ਰਿਹਾ ਸੀ ਤਾਂ ਟਾਵਰ ਨੰਬਰ ਚਾਰ ਤੇ ਪੰਜ ਦੇ ਵਿਚਾਲੇ ਉਸ ਨੂੰ ਜੇਲ੍ਹ ਦੇ ਬਾਹਰੋਂ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਸੁੱਟੇ ਦੋ ਬੰਦ ਪੈਕਟ ਮਿਲੇ। ਇਨ੍ਹਾਂ ਪੈਕਟਾਂ ਨੂੰ ਹਰੀ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫ਼ਿਰੋਜ਼ਪੁਰ ਦੀ ਹਾਜ਼ਰੀ ਵਿੱਚ ਖੋਲ੍ਹਿਆ ਗਿਆ ਤਾਂ ਪਹਿਲੇ ਪੈਕਟ ਵਿੱਚੋਂ ਦੋ ਮੋਬਾਈਲ ਫ਼ੋਨ ਮਾਰਕਾ ਸੈਮਸੰਗ (ਕੀ-ਪੈਡ) ਸਮੇਤ ਬੈਟਰੀ, ਬਿਨਾਂ ਸਿੰਮ ਕਾਰਡ, ਸੱਤ ਛੋਟੀਆਂ ਬੈਟਰੀਆਂ, ਪੰਜ ਡਾਟਾ ਕੇਬਲ ਅਤੇ ਪੰਜ ਹੈੱਡਫ਼ੋਨ ਮਿਲੇ। ਦੂਜੇ ਪੈਕਟ ਵਿੱਚੋਂ ਦੋ ਮੋਬਾਈਲ ਫ਼ੋਨ ਮਾਰਕਾ ਰੈਡਮੀ (ਟੱਚ ਸਕਰੀਨ) ਸਮੇਤ ਬੈਟਰੀਆਂ ਅਤੇ ਬਿਨਾਂ ਸਿੰਮ ਕਾਰਡ ਮਿਲੇ। ਪੁਲਸ ਨੇ ਦੱਸਿਆ ਕਿ ਅਣਪਛਾਤੇ ਵਿਅਕਤੀ ਵਿਰੁੱਧ 52-ਏ ਪਰੀਸੰਨਜ਼ ਐਕਟ ਤਹਿਤ ਕੇਸ ਦਰਜ ਕਰ ਲਿਆ ਹੈ।



## ਮੋਟਰ ਸਾਈਕਲ ਤੇ ਕਾਰ ਦੀ ਟੱਕਰ ਵਿੱਚ ਪਰਿਵਾਰ ਦੇ ਤਿੰਨ ਜੀਆਂ ਦੀ ਮੌਤ

ਰਾਹੋਂ, 7 ਦਸੰਬਰ (ਪੋਸਟ ਬਿਊਰੋ)- ਇੱਕ ਮੋਟਰ ਸਾਈਕਲ ਤੇ ਕਾਰ ਦੀ ਟੱਕਰ ਵਿੱਚ ਮੋਟਰ ਸਾਈਕਲ ਸਵਾਰ, ਉਸ ਦੇ ਪੁੱਤਰ ਅਤੇ ਧੀ ਦੀ ਮੌਤ ਹੋਣ ਅਤੇ ਪਤਨੀ ਦੇ ਗੰਭੀਰ ਜ਼ਖਮੀ ਹੋਣ ਕਾਰਨ ਪੁਲਸ ਨੇ ਕਾਰ ਚਾਲਕ ਦੇ ਖਿਲਾਫ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਥਾਣਾ ਰਾਹੋਂ ਦੇ ਏ ਐਸ ਆਈ ਸੁਖਪਾਲ ਸਿੰਘ ਮੁਤਾਬਕ ਬਲਵਿੰਦਰ ਚੰਦ ਪੁੱਤਰ ਜਗੀਰ ਚੰਦ ਵਾਸੀ ਰਾਹੋਂ ਹਾਲ ਵਾਸੀ ਉੜਾਪੜ ਨੇ ਦੱਸਿਆ ਕਿ ਉਸ ਦਾ ਭਰਾ ਕੁਲਦੀਪ ਰਾਮ ਆਪਣੀ ਪਤਨੀ ਹਰਪ੍ਰੀਤ ਕੌਰ, ਪੁੱਤਰੀ ਸਿਮਰਨ (12) ਤੇ ਪੁੱਤਰ ਨਰਿੰਦਰ ਕੁਮਾਰ (9) ਨਾਲ ਆਪਣੇ ਮੋਟਰ ਸਾਈਕਲ ਉੱਤੇ ਰਾਜਾ ਸਾਹਿਬ ਦੇ ਗੁਰਦੁਆਰਾ ਸਾਹਿਬ ਤੋਂ ਮੱਥਾ ਟੇਕ ਕੇ ਵਾਪਸ ਆਪਣੇ ਘਰ ਰਾਹੋਂ ਆ ਰਿਹਾ ਸੀ। ਬਲਵਿੰਦਰ ਸਿੰਗ ਵੀ ਆਪਣੇ ਭਰਾ ਕੁਲਦੀਪ ਰਾਮ ਦੇ ਪਿੱਛੇ ਆਪਣੇ ਸਕੂਟਰ ਉੱਤੇ ਰਾਹੋਂ ਨੂੰ ਆ ਰਿਹਾ ਸੀ ਤਾਂ ਰਾਹੋਂ ਸਾਈਡ ਵੱਲੋਂ ਇੱਕ ਕਾਰ ਤੇਜ਼ ਰਫਤਾਰ ਨੇ ਕੁਲਦੀਪ ਸਿੰਘ ਦੇ ਮੋਟਰ ਸਾਈਕਲ ਨੂੰ ਟੱਕਰ ਮਾਰ ਦਿੱਤੀ। ਇਸ ਨਾਲ ਕੁਲਦੀਪ ਤੇ ਨਰਿੰਦਰ ਦੇ ਜ਼ਿਆਦਾ ਸੱਟਾਂ ਲੱਗਣ ਕਾਰਨ ਉਨ੍ਹਾਂ ਦੀ ਮੌਕੇ ਉੱਤੇ ਮੌਤ ਹੋ ਗਈ। ਹਰਪ੍ਰੀਤ ਕੌਰ ਅਤੇ ਸਿਮਰਨ ਨੂੰ 108 ਐਂਬੂਲੈਂਸ ਰਾਹੀਂ ਨਵਾਂ ਸ਼ਹਿਰ ਦੇ ਇੱਕ ਹਸਪਤਾਲ ਦਾਖਲ ਕਰਵਾਇਆ ਸੀ, ਜਿੱਥੋਂ ਉਨ੍ਹਾਂ ਨੂੰ ਪੀ ਜੀ ਆਈ ਚੰਡੀਗੜ੍ਹ ਰੈਫਰ ਕੀਤਾ ਗਿਆ, ਪਰ ਸਿਮਰਨ ਦੀ ਮੌਤ ਹੋ ਗਈ। ਬਲਵਿੰਦਰ ਨੇ ਦੱਸਿਆ ਕਿ ਪਤਾ ਲੱਗਾ ਕਿ ਕਾਰ ਨੂੰ ਰਾਜਨ ਪੁੱਤਰ ਪ੍ਰਦੀਪ ਸਿੰਘ ਵਾਸੀ ਗੁਰੂ ਨਾਨਕਪੁਰਾ ਰਾਹੋਂ ਚਲਾ ਰਿਹਾ ਸੀ।




## ਭਾਜਪਾ ਨਾਲ ਗੱਠਜੋੜ ਲਈ ਢੀਂਡਸੇ ਦੇ ਅਕਾਲੀ ਦਲ ਵਿੱਚ ਸਹਿਮਤੀ ਬਣਦੀ ਨਹੀਂ ਜਾਪਦੀ

ਚੰਡੀਗੜ੍ਹ, 7 ਦਸੰਬਰ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਬਹੁਤੇ ਲੀਡਰਾਂਨੇ ਅਗਲੇ ਸਾਲ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਨਾਲ ਸਾਂਝ ਦੇ ਖਿਲਾਫ ਖੜੋ ਜਾਣ ਨਾਲ ਇਸ ਗੱਠਜੋੜ ਦਾ ਫੈਸਲਾ ਸਿਰੇ ਨਹੀਂ ਚੜ੍ਹ ਸਕਿਆ। ਪਾਰਟੀ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਦੀ ਪ੍ਰਧਾਨਗੀ ਹੇਠ ਕੱਲ੍ਹ ਇੱਥੇ ਹੋਈ ਮੀਟਿੰਗ ਮੌਖੇ ਪਾਰਟੀ ਆਗੂਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਐਲਾਨ ਨਾਲ ਵਿਵਾਦਤ ਖੇਤੀ ਕਾਨੂੰਨ ਤਾਂਵਾਪਸ ਹੋ ਗਏ, ਪਰ ਭਾਜਪਾ ਲਈ ਪੰਜਾਬ ਦਾ ਸਿਆਸੀ ਮਾਹੌਲ ਹਾਲ ਦੀ ਘੜੀ ਸਾਜ਼ਗਾਰ ਨਹੀਂ। ਉਨ੍ਹਾਂ ਕਿਹਾ ਕਿ ਕਿਸਾਨੀ ਅੰਦੋਲਨ ਕਾਰਨ ਦਿਹਾਤੀ ਖੇਤਰ ਨਾਲ ਸਬੰਧਤ ਲੋਕਾਂ ਦੇ ਮਨਾਂ ਅੰਦਰ ਭਾਜਪਾ ਪ੍ਰਤੀ ਨਫਰਤ ਬਹੁਤ ਭਰੀ ਪਈ ਹੈ। ਇਨ੍ਹਾਂ ਵਿਰੋਧੀ ਸੋਚ ਵਾਲੇ ਆਗੂਆਂ ਨੇ ਕਿਹਾ ਕਿ ਇਸ ਮਾਹੌਲ ਵਿੱਚ ਭਾਜਪਾ ਨਾਲ ਸਾਂਝ ਪਾਉਣ ਦਾ ਲਾਭ ਦੀ ਥਾਂ ਨੁਕਸਾਨ ਹੋ ਸਕਦਾ ਹੈ।

ਸੁਖਦੇਵ ਸਿੰਘ ਢੀਂਡਸਾ ਨੇ ਇਨ੍ਹਾਂ ਆਗੂਆਂ ਵੱਲੋਂ ਰੱਖੇ ਸੁਝਾਵਾਂ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਚੋਣਾਂ ਤੋਂ ਪਹਿਲਾਂ ਕਿਹੜੀਆਂ ਹਮ-ਖਿਆਲ ਪਾਰਟੀਆਂ ਨਾਲ ਸਾਂਝ ਪਾਉਣੀ ਹੈ, ਇਸ ਬਾਰੇ ਵਿਚਾਰ ਲਈ ਅਗਲੇ ਦਿਨਾਂ ਵਿੱਚ ਇੱਕ ਮੀਟਿੰਗ ਹੋਰ ਸੱਦੀ ਜਾਵੇਗੀ। ਉਂਞ ਪਾਰਟੀ ਨੇ ਅਹਿਮ ਫੈਸਲੇ ਲੈਣ ਦਾ ਅਧਿਕਾਰ ਸੁਖਦੇਵ ਸਿੰਘ ਢੀਂਡਸਾ ਨੂੰ ਸੌਂਪ ਦਿੱਤਾ ਹੈ। ਇਸ ਦੇ ਬਾਅਦ ਪਾਰਟੀ ਸੂਤਰਾਂ ਦਾ ਕਹਿਣਾ ਹੈ ਕਿ ਅੰਦਰੂਨੀ ਵਿਰੋਧ ਕਾਰਨ ਭਾਜਪਾ ਨਾਲ ਗੱਠਜੋੜ ਦੇ ਆਸਾਰ ਮੱਧਮ ਪੈ ਗਏ ਹਨ। ਭਾਜਪਾ ਦੇ ਰਣਨੀਤੀਘਾੜੇ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਸੁਖਦੇਵ ਸਿੰਘ ਢੀਂਡਸਾ ਵਿਚਾਲੇ ਪਿਛਲੇ ਹਫਤੇ ਨਵੀਂ ਦਿੱਲੀ ਵਿੱਚ ਹੋਈ ਮੀਟਿੰਗ ਤੋਂ ਬਾਅਦ ਅਮਿਤ ਸ਼ਾਹ ਨੇ ਐਲਾਨ ਕੀਤਾ ਸੀ ਕਿ ਪੰਜਾਬ ਵਿਧਾਨ ਸਭਾ ਚੋਣਾਂ ਮੌਕੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪਾਰਟੀ ਨਾਲ ਭਾਜਪਾ ਗੱਠਜੋੜ ਕਰੇਗੀ। ਕੈਪਟਨ ਅਮਰਿੰਦਰ ਸਿੰਘ ਪਿਛਲੇ ਦੋ ਕੁ ਮਹੀਨਿਆਂ ਤੋਂ ਲਗਾਤਾਰ ਭਾਜਪਾ ਅਤੇ ਢੀਂਡਸਾ ਧੜੇ ਨਾਲ ਸੰਭਾਵੀ ਗੱਠਜੋੜ ਹੋਣ ਦੇ ਐਲਾਨ ਕਰ ਰਹੇ ਹਨ।




## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਦਿਹਾੜੇ ਮੌਕੇ ਨਗਰ ਕੀਰਤਨ

ਅੰਮ੍ਰਿਤਸਰ, 7 ਦਸੰਬਰ (ਗਿਆਨ ਸਿੰਘ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰਦੁਆਰਾ ਗੁਰੂ ਕੇ ਮਹਿਲ ਤੱਕ ਨਗਰ ਕੀਰਤਨ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਸਜਾਏ ਨਗਰ ਕੀਰਤਨ ਦੀ ਆਰੰਭਤਾ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਅਰਦਾਸ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਫੁੱਲਾਂ ਨਾਲ ਸਜੀ ਸੁਨਹਿਰੀ ਪਾਲਕੀ ਵਿਚ ਸੁਸ਼ੋਭਿਤ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਪ੍ਰਿੰਸੀਪਲ ਸੁਰਿੰਦਰ ਸਿੰਘ, ਜਨਰਲ ਸਕੱਤਰ ਸ. ਕਰਨੈਲ ਸਿੰਘ ਪੰਜੋਲੀ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਮੌਜੂਦ ਸਨ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਸੰਸਾਰ ਦੇ ਇਤਿਹਾਸ ਅੰਦਰ ਵਿਲੱਖਣ ਹੈ। ਗੁਰੂ ਜੀ ਨੇ ਧਰਮ ਦੀ ਰੱਖਿਆ ਲਈ ਸ਼ਹਾਦਤ ਦੇ ਕੇ ਸੰਸਾਰ ਭਰ ਦੇ ਲੋਕਾਂ ਦੇ ਮਨ ਅੰਦਰੋਂ ਡਰ ਦੂਰ ਕੀਤਾ। ਉਨਾਂ ਕਿਹਾ ਕਿ ਗੁਰੂ ਸਾਹਿਬ ਦੀ ਸ਼ਹਾਦਤ ਸਿੱਖਾਂ ਦੇ ਨਾਲ-ਨਾਲ ਪੂਰੀ ਮਨੁੱਖਤਾ ਲਈ ਹੀ ਪ੍ਰੇਰਣਾ ਸਰੋਤ ਹੈ। ਉਨਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਨਾਲ ਸ਼ਹਾਦਤ ਪ੍ਰਾਪਤ ਕਰਨ ਵਾਲੇ ਸਿੱਖਾਂ ਨੂੰ ਯਾਦ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਦੀ ਬਖ਼ਸ਼ਿਸ਼ ਸੀ ਕਿ ਉਨਾਂ ਨਾਲ ਗਏ ਸਿੱਖ ਵੀ ਆਪਣਾ ਮੁਖ ਗੁਰੂ ਵੱਲ ਰਖਦਿਆਂ ਹੋਇਆਂ ਸ਼ਹਾਦਤਾਂ ਪ੍ਰਾਪਤ ਕਰ ਗਏ।

ਨਗਰ ਕੀਰਤਨ ਵਿਚ ਗਤਕਾ ਅਤੇ ਬੈਂਡ ਪਾਰਟੀਆਂ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਵੀ ਸ਼ਮੂਲੀਅਤ ਕੀਤੀ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਜਾਏ ਗਏ ਨਗਰ ਕੀਰਤਨ ਦਾ ਸੰਗਤਾਂ ਵੱਲੋਂ ਵੱਖ-ਵੱਖ ਥਾਵਾਂ ਭਰਵਾਂ ਸਵਾਗਤ ਕੀਤਾ ਗਿਆ। ਹੋਇਆ। ਨਗਰ ਕੀਰਤਨ ਸ੍ਰੀ ਗੁਰੂ ਰਾਮਦਾਸ ਨਿਵਾਸ, ਚੌਕ ਪਰਾਗਦਾਸ, ਚੌਕ ਮੰਨਾ ਸਿੰਘ, ਚੌਕ ਕਰੋੜੀ, ਚੌਕ ਬਾਬਾ ਸਾਹਿਬ, ਗੁਰਦੁਆਰਾ ਬਾਬਾ ਅਟੱਲ ਰਾਏ, ਗਲਿਆਰਾ, ਗੁਰਦੁਅਰਾ ਕੌਲਸਰ ਸਾਹਿਬ, ਆਟਾ ਮੰਡੀ, ਬਜ਼ਾਰ ਬਾਂਸਾਂ, ਬਜ਼ਾਰ ਪਾਪੜਾਂ, ਬਜ਼ਾਰ ਕਾਠੀਆਂ, ਗੁਰੂ ਬਜ਼ਾਰ ਤੋਂ ਹੁੰਦਾ ਹੋਇਆ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਸੰਪੂਰਨ ਹੋਇਆ।

ਨਗਰ ਕੀਰਤਨ ਦੀ ਰਵਾਨਗੀ ਸਮੇਂ ਅੰਤ੍ਰਿੰਗ ਮੈਂਬਰ ਸ. ਸਰਵਣ ਸਿੰਘ ਕੁਲਾਰ, ਸ. ਸੁਰਜੀਤ ਸਿੰਘ ਗੜੀ, ਸ. ਜਰਨੈਲ ਸਿੰਘ ਡੋਗਰਾਂਵਾਲਾ, ਸ. ਬਲਵਿੰਦਰ ਸਿੰਘ ਵੇਈਂਪੂਈਂ, ਸ. ਹਰਜਾਪ ਸਿੰਘ ਸੁਲਤਾਨਵਿੰਡ, ਸ. ਗੁਰਿੰਦਰਪਾਲ ਸਿੰਘ ਗੋਰਾ ਤੇ ਹੋਰ ਮੌਜੂਦ ਸਨ।





ਇਮਰਾਨ ਦੇ ਮੰਤਰੀ ਦਾ ਬੇਤੁੱਕਾ ਬਿਆਨ :

# ਬੱਚੇ ਭਾਵੁਕ ਹੋ ਕੇ ਇਸ ਤਰ੍ਹਾਂ ਦੀ ਮਾਬ ਲਿੰਚਿੰਗ ਕਰ ਦਿੰਦੇ ਨੇ



ਇਸਲਾਮਾਬਾਦ, 7 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਸ਼੍ਰੀਲੰਕਾ ਦੇ ਨਾਗਰਿਕ ਦੀ ਮਾਬ ਲਿੰਚਿੰਗ ਕਰਨਲਈ ਰੱਖਿਆ ਮੰਤਰੀ ਪਰਵੇਜ਼ ਖੱਟਕ ਨੇ ਬੇਤੁੱਕਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਬੱਚੇ ਭਾਵੁਕ ਹੋ ਕੇ ਇਸ ਤਰ੍ਹਾਂ ਦੇ ਕਤਲ ਕਰ ਦਿੰਦੇ ਹਨ।ਖੱਟਕ ਨੇ ਕਿਹਾ ਕਿ ਤੁਸੀਂ ਇਸ ਘਟਨਾ ਦੇ ਪਿੱਛੇ ਦਾ ਕਾਰਨ ਜਾਣਦੇ ਹੋ। ਜਦੋਂ ਬੱਚੇ ਵੱਡੇ ਹੁੰਦੇ ਹਨ ਤਾਂ ਉਨ੍ਹਾਂ ਵਿੱਚ ਜ਼ੋਸ਼ ਹੁੰਦਾ ਹੈ ਅਤੇ ਉਹ ਭਾਵੁਕ ਹੋ ਕੇ ਇਸ ਤਰ੍ਹਾਂ ਦੀਆਂ ਚੀਜ਼ਾਂ ਕਰ ਜਾਂਦੇ ਹਨ।

ਇਸ ਮੌਕੇ ਖਟਕ ਨੇ ਕਿਹਾ ਕਿ ਇਸਦਾ ਮਤਲਬ ਇਹ ਨਹੀਂ ਕਿ ਪਾਕਿਸਤਾਨ ਵਿਨਾਸ਼ ਵੱਲ ਵੱਧ ਰਿਹਾ ਦੇਸ਼ ਹੈ। ਸਿਆਲਕੋਟ ਵਿੱਚ ਕੁਝ ਨੌਜਵਾਨਾਂ ਨੇ ਇੱਕਠੇ ਹੋ ਕੇ ਸ਼੍ਰੀਲੰਕਾ ਦੇ ਨਾਗਰਿਕ ਕੁਮਾਰ ਉੱਤੇ ਇਸਲਾਮ ਦਾ ਅਪਮਾਨ ਕਰਨ ਦਾ ਦੋਸ਼ ਲਾਇਆ, ਜਿਸ ਕਾਰਨ ਇਹ ਲਿੰਚਿੰਗ ਹੋਈ। ਖੱਟਕ ਨੇ ਕਿਹਾ ਕਿ ਉਹ ਭਾਵੁਕ ਹੋਣ ਦੀ ਸਥਿਤੀ ਵਿੱਚ ਕੁਝ ਵੀ ਗਲਤ ਕਰ ਸਕਦੇ ਹਨ। ਉਨ੍ਹਾਂ ਨੇ ਕਿਹਾ ਲਿੰਚਿੰਗ ਦੇ ਇਸ ਮਾਮਲੇ ਨੂੰ ਸਰਕਾਰ ਵੱਲੋਂ ਤਹਿਰੀਕ-ਏ-ਲਬੈਕ ਪਾਕਿਸਤਾਨ (ਟੀ ਐਲ ਪੀ) ਤੋਂ ਹਟਾਏ ਗਏ ਬੈਨ ਨਾਲ ਜੋੜ ਕੇ ਨਾ ਦੇਖਿਆ ਜਾਵੇ। ਟੀ ਐਲ ਪੀ ਪਾਕਿ-ਸਤਾਨ ਦੀ ਕੱਟੜਪੰਥੀ ਪਾਰਟੀ ਹੈ, ਜਿਸ ਨੇ ਕੁਝ ਮਹੀਨੇ ਪਹਿਲਾਂ ਹੀ ਫਰਾਂਸ ਵਿਰੋਧੀ ਪ੍ਰਦਰਸ਼ਨਾਂ ਦੀ ਅਗਵਾਈ ਕੀਤੀ ਸੀ। ਇਸ ਤੋਂ ਬਾਅਦ ਇਮਰਾਨ ਖ਼ਾਨ ਸਰਕਾਰ ਨੇਟੀ ਐਲ ਪੀ ਉੱਤੇ ਬੈਨ ਲੱਗਾ ਦਿੱਤਾ।

# ਨਾਗਾਲੈਂਡ ਗੋਲੀਬਾਰੀ ਵਿਚ ਸੁਰੱਖਿਆ ਬਲਾਂ ਦੇ ਖ਼ਿਲਾਫ਼ ਹੱਤਿਆ ਦਾ ਕੇਸ ਦਰਜ

ਕੋਹਿਮਾ, 7 ਦਸੰਬਰ (ਪੋਟਸ ਬਿਊਰੋ)- ਨਾਗਾਲੈਂਡ ਪੁਲਸ ਨੇ ਕੱਲ੍ਹ ਭਾਰਤੀ ਫ਼ੌਜ ਦੀ 21ਵੀਂ ਪੈਰਾ ਸਪੈਸ਼ਲ ਫੋਰਸ ਉੱਤੇ ਨਾਗਰਿਕਾਂ ਉੱਤੇ ਗੋਲੀਬਾਰੀ ਲਈ ਕਤਲ ਦਾ ਮਾਮਲਾ ਦਰਜ ਕੀਤਾ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਮੋਨ ਕਸਬਾ, ਜਿੱਥੇ ਇਸ ਗੋਲੀਬਾਰੀ ਦੀ ਘਟਨਾ ਵਾਪਰੀ ਸੀ,ਹਾਲਤ ਤਣਾਅਪੂਰਨ ਹੈ, ਜਿਸ ਕਾਰਨ ਉਥੇ ਹਾਲੇ ਧਾਰਾ 144 ਲਾਈ ਗਈ ਹੈ। ਦੂਜੇ ਪਾਸੇ ਕਈ ਕਬਾਇਲੀ ਸੰਗਠਨਾਂ ਨੇਸੁਰੱਖਿਆ ਬਲਾਂ ਦੀ ਕਾਰਵਾਈ ਦੇ ਵਿਰੁੱਧ ਬੰਦ ਦਾ ਸੱਦਾ ਦਿੱਤਾ ਹੈ। ਸੁਰੱਖਿਆ ਬਲਾਂ ਵੱਲੋਂ ਨਾਗਰਿਕਾਂ ਉੱਤੇ ਕੀਤੀ ਗੋਲੀਬਾਰੀਦੇ ਮ੍ਰਿਤਕਾਂ ਦੀ ਗਿਣਤੀ ਬਾਰੇ ਭੰਬਲਭੂਸਾ ਬਣਿਆ ਹੋਇਆ ਹੈ। ਕੋਨਯਕ ਯੂਨੀਅਨ, ਜੋ ਜ਼ਿਲ੍ਹਾ ਮੋਨ ਦੀ ਸਰਵਉਚ ਕੇਸ ਵਾਲੀ ਸੰਸਥਾ ਹੈ, ਨੇ ਸ਼ੁਰੂ ਵਿੱਚ ਦਾਅਵਾ ਕੀਤਾ ਸੀ ਕਿ ਗੋਲੀਬਾਰੀ ਵਿੱਚ 17 ਨਾਗਰਿਕ ਮਾਰੇ ਗਏ ਹਨ ਪਰ ਬਾਅਦ ਵਿੱਚ ਇਸ ਨੂੰ ਘਟਾ ਕੇ 14 ਕਰ ਦਿੱਤਾ ਸੀ। ਪੁਲਸ ਨੇ ਕਿਹਾ ਹੈ ਕਿ ਕੱਲ੍ਹ ਗੋਲੀਬਾਰੀ ਦੀਆਂ ਵੱਖ-ਵੱਖ ਘਟਨਾਵਾਂ ਵਿੱਚ 14 ਨਾਗਰਿਕ ਮਾਰੇ ਗਏ ਸਨ। ਪਹਿਲੀ ਘਟਨਾ, ਜਿਸ ਵਿੱਚ ਛੇ ਨਾਗਰਿਕ ਮਾਰੇ ਗਏ ਸਨ, ਉਦੋਂ ਵਾਪਰੀ ਜਦੋਂ ਫ਼ੌਜ ਦੇ ਜਵਾਨਾਂ ਨੇ ਕੱਲ੍ਹ ਸ਼ਾਮ ਨੂੰ ਇੱਕ ਪਿਕ-ਅੱਪ ਵੈਨ ਵਿੱਚ ਘਰ ਪਰਤਦੇ ਕੋਲੇ ਦੀ ਖਾਣ ਦੇ ਮਜ਼ਦੂਰਾਂ ਨੂੰ ਪਾਬੰਦੀਸ਼ੁਦਾ ਜਥੇਬੰਦੀ ਐਨ ਐਸ ਸੀ ਐਨ (ਕੇ) ਦੇ ਯੁੰਗ ਆਂਗ ਧੜੇ ਨਾਲ ਸਬੰਧਤ ਅੱਤਵਾਦੀ ਸਮਝ ਲਿਆ। ਜਦੋਂ ਮਜ਼ਦੂਰ ਆਪਣੇ ਘਰਾਂ ਤਕ ਨਾ ਪਹੁੰਚੇ ਤਾਂ ਲੋਕਲ ਨੌਜਵਾਨਾਂ ਤੇ ਪਿੰਡ ਵਾਸੀਆਂ ਨੇ ਉਨ੍ਹਾਂ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ ਤੇ ਫ਼ੌਜ ਦੀਆਂ ਗੱਡੀਆਂ ਨੂੰ ਘੇਰ ਲਿਆ।

ਇਸ ਦੌਰਾਨ ਹੋਈ ਝੜਪ ਵਿੱਚ ਇੱਕ ਜਵਾਨ ਦੀ ਮੌਤ ਹੋ ਗਈ ਅਤੇ ਪਿੰਡ ਵਾਸੀਆਂ ਨੇ ਫ਼ੌਜ ਦੀਆਂ ਗੱਡੀਆਂ ਨੂੰ ਅੱਗ ਹਵਾਲੇ ਕਰ ਦਿੱਤਾ। ਜਵਾਨਾਂ ਵੱਲੋਂ ਸਵੈ-ਰੱਖਿਆ ਵਿੱਚ ਚਲਾਈਆਂ ਗੋਲੀਆਂ ਨਾਲ ਸੱਤ ਹੋਰ ਲੋਕ ਮਾਰੇ ਗਏ। ਪੁਲਸ ਅਨੁਸਾਰ ਘਟਨਾ ਦੇ ਵਿਰੁੱਧ ਭੜਕੇ ਦੰਗੇ ਕੱਲ੍ਹ ਦੁਪਹਿਰ ਤਕ ਜਾਰੀ ਰਹੇ ਤੇ ਗੁੱਸੇ ਵਿੱਚ ਆਈ ਭੀੜ ਨੇ ਕੋਨਯਕ ਯੂਨੀਅਨ ਦੇ ਦਫ਼ਤਰਾਂ ਤੇ ਆਸਾਮ ਰਾਈਫਲਜ਼ ਦੇ ਇੱਕ ਕੈਂਪ ਵਿੱਚ ਭੰਨ-ਤੋੜ ਕਰਦਿਆਂ ਕੁਝ ਹਿੱਸਿਆਂ ਨੂੰ ਅੱਗ ਲਾ ਦਿੱਤੀ। ਇੱਥੇ ਸੁਰੱਖਿਆ ਬਲਾਂ ਨੇ ਜਦੋਂ ਭੀੜ ਨੂੰ ਖਿੰਡਾਉਣ





ਲਈ ਗੋਲੀਬਾਰੀ ਕੀਤੀ ਤਾਂ ਇੱਕ ਹੋਰ ਬੰਦੇ ਦੀ ਮੌਤ ਹੋ ਗਈ। ਨਾਗਾਲੈਂਡ ਪੁਲਸ ਵੱਲੋਂ ਫ਼ੌਜ ਦੀ 21ਵੀਂ ਪੈਰਾ ਵਿਸ਼ੇਸ਼ ਬਲ ਦੇ ਖ਼ਿਲਾਫ਼ ਇੱਕ ਐਫ ਆਈ ਆਰ ਦਰਜ ਕੀਤੀ ਗਈ ਹੈ।

## ਸਮਾਜਵਾਦੀ ਐਮ ਪੀ ਨੇ ਕਿਹਾ: ਦੂਜਾ ਵਿਆਹ ਕਰਾਉਣੈ ਤਾਂ ਭਾਜਪਾ ਨੂੰ ਹਰਾਓ



ਮੁਰਾਦਾਬਾਦ, 7 ਦਸੰਬਰ (ਪੋਸਟ ਬਿਊਰੋ)-ਮੁਰਾਦਾਬਾਦ ਵਿੱਚ ਐਤਵਾਰ ਰਾਤ ਕਰਵਾਏ ਇੱਕ ਏਕਤਾ ਮੰਚ ਤੇ ਜਾਮੀਆ ਆਰਬੀਆ ਯੂਨੀਵਰਸਿਟੀ ਬਚਾਓ ਮੋਰਚਾ ਦੇ ਪ੍ਰੋਗਰਾਮ ਵਿੱਚ ਸਮਾਜਵਾਦੀ ਪਾਰਲੀਮੈਂਟ ਮੈਂਬਰ ਡਾਕਟਰ ਐਸ ਟੀ ਹਸਨ ਦੇ ਬੋਲ ਵਿਗੜ ਗਏ। ਉਨ੍ਹਾਂ ਕਿਹਾ ਕਿ ਬਰਾਬਰ ਨਾਗਰਿਕ ਜ਼ਾਬਤਾ ਲਾਗੂ ਹੁੰਦਾ ਹੈ ਤਾਂ ਮੁਸਲਮ ਪਰਸਨਲ ਲਾਅ ਖਤਮ ਹੋ ਜਾਵੇਗਾ। ਉਨ੍ਹਾਂ ਮੁਸਲਮਾਨਾਂ ਨੂੰ ਕਿਹਾ ਕਿ ਵਿਧਾਨ ਸਭਾ ਚੋਣਾਂ ਵਿੱਚ ਵੰਡੇ ਨਾ ਜਾਓ। ਤੁਹਾਡੇ ਅਧਿਕਾਰ ਖਤਮ ਹੋ ਜਾਣਗੇ। ਭਾਜਪਾ ਦੁਬਾਰਾ ਉਤਰ ਪ੍ਰਦੇਸ਼ ਵਿੱਚ ਸੱਤਾ ਵਿੱਚ ਆ ਗਈ ਤਾਂ ਕਈ ਮੁਸਲਮਾਨ ਦੂਜਾ ਵਿਆਹ ਨਹੀਂ ਕਰ ਸਕਣਗੇ। ਇਸ ਲਈ ਮੁਸਲਮਾਨਾਂ ਦਾ ਮਕਸਦ ਇਹੀ ਹੋਣਾ ਚਾਹੀਦਾ ਹੈ ਕਿ ਭਾਜਪਾ ਨੂੰ ਹਰਾਉਣਾ ਹੈ।

ਡਾਕਟਰ ਐਸ ਟੀ ਹਸਨ ਨੇ ਕਿਹਾ ਕਿ ਭਾਜਪਾ ਨੇ ਜੋ ਅੰਦਰੂਨੀ ਹਾਲਾਤ ਬਣੇ ਹਨ, ਉਸ ਦਾ ਅਹਿਸਾਸ ਤੁਹਾਨੂੰ ਨਹੀਂ ਹੋ ਰਿਹਾ। ਇਸ ਦਾ ਅਸਰ 10 ਸਾਲ ਬਾਅਦ ਦਿਖਾਈ ਦੇਵੇਗਾ। ਭਾਜਪਾ ਦਾ ਮਕਸਦ ਇਹੀ ਹੈ ਕਿ ਹਿੰਦੁਸਤਾਨ ਦਾ ਮੁਸਲਮਾਨ ਬੇਰੁਜ਼ਗਾਰ ਹੋ ਜਾਵੇ ਅਤੇ ਮਜ਼ਦੂਰੀ ਕਰਨ ਲੱਗੇ। ਉਨ੍ਹਾਂ ਕਿਹਾ ਕਿ ਭਾਜਪਾ ਦੀ ਵਿਕਾਸ ਦੇ ਨਾਂਅ ਉੱਤੇ ਚੋਣ ਮੈਦਾਨ ਵਿੱਚ ਆਉਣ ਦੀ ਹਿੰਮਤ ਨਹੀਂ, ਇਸ ਲਈ ਉਹ ਫਿਰ ਤੋਂ ਹਿੰਦੂ-ਮੁਸਲਮਾਨ ਤੇ ਮੰਦਰ-ਮਸਜਿਦ ਦੀ ਰਾਜਨੀਤੀ ਕਰਨਾ ਚਾਹੁੰਦੀ ਹੈ।ਡਾਕਟਰ ਹਸਨ ਨੇ ਉਪ ਮੁੱਖ ਮੰਤਰੀ ਕੇਸ਼ਵ ਮੌਰੀਆ ਨੂੰ ਦਿਮਾਗੀ ਬਿਮਾਰੀ ਤੋਂ ਗ੍ਰਸਤ ਦੱਸ ਕੇ ਕਿਹਾ ਕਿ ਭਾਜਪਾ ਨੂੰ ਉਨ੍ਹਾਂ ਦਾ ਇਲਾਜ ਕਰਾਉਣਾ ਚਾਹੀਦਾ ਹੈ। ਉਨ੍ਹਾਂ ਨੂੰ ਭਾਜਪਾ ਦੀ ਹਾਰ ਵਿਖਾਈ ਦੇਣ ਲੱਗੀ ਹੈ। ਇਸ ਲਈ ਉਹ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਲੂੰਗੀ ਛਾਪ ਗੁੰਡੇ ਤੇ ਜਾਲੀਦਾਰ ਟੋਪੀ ਦੇ ਬਹਾਨੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਮਥੁਰਾ ਵਿੱਚ ਮੰਦਰ ਬਣਾਉਣ ਦੀ ਗੱਲ ਕਰਨ ਲੱਗੇ ਹਨ।

## ਦਿੱਲੀ ਵਿੱਚ ਉਸਾਰੀ ਕਾਰਜਾਂ ’ਤੇ ਲੱਗੀ ਰੋਕ ਲਈ ਤੁਰੰਤ ਸੁਣਵਾਈ ਤੋਂ ਸੁਪਰੀਮ ਕੋਰਟ ਦਾ ਇਨਕਾਰ



ਨਵੀਂ ਦਿੱਲੀ, 7 ਦਸੰਬਰ (ਪੋਸਟ ਬਿਊਰੋ)- ਭਾਰਤ ਦੇ ਕੌਮੀ ਰਾਜਧਾਨੀ ਖੇਤਰ (ਐਨ ਸੀ ਆਰ) ਵਿੱਚ ਉਸਾਰੀ ਕਾਰਜਾਂ ਉਤੇ ਲੱਗੀ ਰੋਕ ਚੁੱਕਣ ਬਾਰੇ ਬਿਲਡਰਾਂ ਵੱਲੋਂ ਪਾਈ ਪਟੀਸ਼ਨ ਉੱਤੇ ਸੁਪਰੀਮ ਕੋਰਟ ਨੇ ਤੁਰੰਤ ਸੁਣਵਾਈ ਤੋਂ ਇਨਕਾਰ ਕਰ ਦਿੱਤਾ ਅਤੇ ਪ੍ਰਦੂਸ਼ਣ ਦੇ ਮੁੱਦੇ ਨੂੰ ਗੰਭੀਰਤਾ ਨਾਲ ਲਿਆ ਹੈ।

ਵਰਨਣ ਯੋਗ ਹੈ ਕਿ 24 ਨਵੰਬਰ ਨੂੰ ਸੁਪਰੀਮ ਕੋਰਟ ਨੇ ਦਿੱਲੀ ਅਤੇ ਨੇੜਲੇ ਖੇਤਰਾਂ ਵਿੱਚ ਵਧਦੇ ਪ੍ਰਦੂਸ਼ਣ ਕਾਰਨ ਉਸਾਰੀ ਕਾਰਜਾਂ ਉਤੇ ਰੋਕ ਲਾ ਦਿੱਤੀ ਸੀ। ਅਦਾਲਤ ਨੇ ਪਹਿਲਾਂ ਪ੍ਰਸ਼ਾਸਨ ਵੱਲੋਂ ਦਿੱਤੀ ਮਨਜ਼ੂਰੀ ਰੱਦ ਕੀਤੀ। ਪ੍ਰਸ਼ਾਸਨ ਨੇ 22 ਨਵੰਬਰ ਤੋਂ ਕੰਮ ਸ਼ੁਰੂ ਕਰਨ ਦੀ ਇਜਾਜ਼ਤ ਦਿੱਤੀ ਸੀ, ਪਰ ਸੁਪਰੀਮ ਕੋਰਟ ਨੇ ਪ੍ਰਦੂਸ਼ਣ ਖਤਰਨਾਕ ਹੱਦ ਤਕ ਵਧਣ ਤੋਂ ਬਾਅਦ ਪਾਬੰਦੀ ਮੁੜ ਲਾ ਦਿੱਤੀ ਸੀ। ਉਂਜ ਅਦਾਲਤ ਨੇ ਪਲੰਬਿੰਗ ਦੇ ਕੰਮ, ਇੰਟੀਰੀਅਰ ਡੈਕੋਰੇਸ਼ਨ, ਬਿਜਲੀ ਅਤੇ ਕਾਰਪੈਂਟਰੀ ਦੇ ਕੰਮ ਨੂੰ ਜਾਰੀ ਰੱਖਣ ਦੀ ਇਜਾਜ਼ਤ ਦਿੱਤੀ ਸੀ।ਬਿਲਡਰਾਂ ਦੀ ਜਥੇਬੰਦੀ ਵੱਲੋਂ ਸੀਨੀਅਰ ਵਕੀਲ ਵਿਕਾਸ ਸਿੰਘ ਨੇ ਕਿਹਾ ਕਿ ਕੰਮ ਰੁਕਣ ਨਾਲ ਰੀਅਲ ਅਸਟੇਟ ਕੰਪਨੀਆਂ ਨੂੰ ਹਜ਼ਾਰਾਂ ਕਰੋੜ ਦਾ ਨੁਕਸਾਨ ਹੁੰਦਾ ਹੈ ਅਤੇ ਇਹ ਅਰਜ਼ੀ ਤੁਰੰਤ ਸੁਣੀ ਜਾਵੇ, ਪਰ ਸੁਪਰੀਮ ਕੋਰਟ ਨੇ ਕਿਹਾ ਕਿ ਬਿਲਡਰ ਸਰਕਾਰ ਕੋਲ ਜਾਣ। ਬਿਲਡਰਾਂ ਦੇ ਸੰਗਠਨ ਨੇ ਕਿਹਾ ਕਿ ਉਹ ਅਤਿ-ਆਧੁਨਿਕ ਤਕਨੀਕ ਵਰਦੇ ਹਨ, ਜਿਸ ਨਾਲ ਧੂੜ ਘੱਟ ਉਡਦੀ ਅਤੇ ਪ੍ਰਦੂਸ਼ਣ ਘੱਟ ਹੁੰਦਾ ਹੈ। ਤਿੰਨ ਦਸੰਬਰ ਨੂੰ ਆਖਰੀ ਸੁਣਵਾਈ ਦੇ ਦਿਨ ਸੁਪਰੀਮ ਕੋਰਟ ਦੇ ਬੈਂਚ ਨੇ ਕਿਹਾ ਸੀ ਕਿ ਕੇਂਦਰ ਤੇ ਸੂਬੇ ਏਅਰ ਕੁਆਲਿਟੀ ਮੈਨੇਜਮੈਂਟ ਕਮਿਸ਼ਨ ਦੇ ਹੁਕਮਾਂ ਨੂੰ ਐਨ ਸੀ ਆਰ ਵਿੱਚ ਲਾਗੂ ਕਰਨ। ਇਸ ਤੋਂ ਇਲਾਵਾ ਸਾਰੀਆਂ ਸਨਅਤੀ ਯੂਨਿਟਾਂ ਦੇ ਪੀ ਐਨ ਜੀ ਜਾਂ ਸਾਫ-ਸੁਥਰਾ ਈਂਧਣ ਵਰਤਣਾ ਯਕੀਨੀ ਬਣਾਇਆ ਜਾਵੇ।

## 1984 ਦੇ ਸਿੱਖ ਵਿਰੋਧੀ ਦੰਗੇ ਦੇ ਇੱਕ ਹੋਰ ਕੇਸ ਵਿੱਚ ਸੱਜਣ ਕੁਮਾਰ ਵਿਰੁੱਧ ਦੋਸ਼ ਤੈਅ



ਨਵੀਂ ਦਿੱਲੀ, 7 ਦਸੰਬਰ (ਪੋਟਸ ਬਿਊਰੋ)- ਸਾਲ 1984 ਦੇ ਸਿੱਖ ਵਿਰੋਧੀ ਦੰਗਾ ਕੇਸਾਂ ਵਿੱਚ ਦਿੱਲੀ ਦੀ ਇੱਕ ਅਦਾਲਤ ਨੇ ਸਰਸਵਤੀ ਵਿਹਾਰ ਥਾਣੇ ਵਿੱਚ ਦਰਜ ਇੱਕ ਕੇਸ ਵਿੱਚ ਸੱਜਣ ਕੁਮਾਰ ਵਿਰੁੱਧ ਦੋਸ਼ ਤੈਅ ਕਰਨ ਦਾ ਹੁਕਮ ਦਿੱਤਾ ਹੈ, ਜਿਸ ਦੀ ਕਾਰਵਾਈ ਅਗਲੇ ਦਿਨੀਂ ਹੋਣ ਵਾਲੀ ਹੈ।

ਰੋਜ਼ ਐਵੇਨਿਊ ਕੋਰਟ ਦੇ ਵਿਸ਼ੇਸ਼ ਜੱਜ ਐਮ ਕੇ ਨਾਗਪਾਲ ਦੀ ਕੋਰਟ ਨੇ ਸੱਜਣ ਕੁਮਾਰ ਵਿਰੁੱਧ ਥਾਣਾ ਸਰਸਵਤੀ ਵਿਹਾਰ ਵਿੱਚ ਦਰਜ ਕੇਸ ਦੇ ਤਹਿਤ ਮੁਕੱਦਮਾ ਨੰਬਰ 458/1991 ਦੇ ਆਧਾਰ ਉੱਤੇ ਦੋਸ਼ ਤੈਅ ਕੀਤੇ ਹਨ। ਮਾਮਲੇ ਦੀ ਅਗਲੀ ਸੁਣਵਾਈ 16 ਦਸੰਬਰ ਨੂੰ ਹੋਵੇਗੀ।ਦਿੱਲੀ ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਹਰਮੀਤ ਸਿੰਘ ਕਾਲਕਾ ਨੇ ਪੱਤਰਕਾਰਾਂ ਨੂੰ ਕਿਹਾ ਕਿ 1984 ਦੇ ਸਿੱਖ ਦੰਗਿਆਂ ਨੂੰ 37 ਸਾਲ ਬੀਤ ਚੁੱਕੇ ਹਨ, ਪਰ ਅਜੇ ਤਕ ਅਸੀਂ ਇਨਸਾਫ਼ ਲਈ ਸੰਘਰਸ਼ ਕਰ ਰਹੇ ਹਾਂ। ਦਿੱਲੀ ਗੁਰਦੁਆਰਾ ਕਮੇਟੀ ਅਤੇ ਅਕਾਲੀ ਦਲ ਦੀਆਂ ਕੋਸ਼ਿਸ਼ਾਂ ਸਦਕਾ ਇੱਕ-ਇੱਕ ਕਰਕੇ ਇਨ੍ਹਾਂ ਕੇਸਾਂ ਵਿੱਚ ਦੋਸ਼ੀਆਂ ਨੂੰ ਅਦਾਲਤਾਂ ਵੱਲੋਂ ਸਜ਼ਾਵਾਂ ਹੋ ਰਹੀਆਂ ਹਨ। ਸੱਜਣ ਕੁਮਾਰ ਪਹਿਲਾਂ ਇੱਕ ਕੇਸ ਵਿੱਚ ਉਮਰ ਕੈਦ ਕੱਟ ਰਿਹਾ ਹੈ ਅਤੇ ਤਾਜ਼ਾ ਕੇਸ ਵਿੱਚਵੀ ਅਦਾਲਤੀ ਹੁਕਮ ਕਾਰਨ ਇਸ ਨੂੰ ਉਮਰ ਕੈਦ ਹੋਣੀ ਤੈਅ ਹੈ।

## ਫੇਸਬੁੱਕ ਦੇ ਅੱਠ ਡਿਜਿਟ ਹੋਣ ਕਾਰਨ ਘੁਸਪੈਠ ਨਹੀਂ ਹੋ ਸਕੇਗੀ

ਕਾਨਪੁਰ, 7 ਦਸੰਬਰ (ਪੋਸਟ ਬਿਊਰੋ)- ਅੱਗੇ ਤੋਂ ਤੁਹਾਡੇ ਫੇਸਬੁੱਕ ਅਕਾਊਂਟ ਉੱਤੇ ਕੋਈ ਘੁਸਪੈਠ ਨਹੀਂ ਕਰ ਸਕੇਗਾ। ਅੱਠ ਡਿਜਿਟਸ ਦੇ ਓ ਟੀ ਪੀ ਨਾਲ ਸਾਈਬਰ ਠੱਗੀ ਉੱਤੇ ਰੋਕ ਲੱਗੇਗੀ, ਇਸ ਨਾਲ ਇੰਟਰਨੈਟ ਮੀਡੀਆ ਉੱਤੇ ਲੋਕਾਂ ਦੀ ਨਿੱਜਤਾ ਦਾ ਸੁਰੱਖਿਆ ਘੇਰਾ ਮਜ਼ਬੂਤ ਹੋਵੇਗਾ। ਇਹ ਸੰਭਵ ਹੋਇਆ ਹੈ, ਕਾਨਪੁਰ ਵਾਸੀ ਕਲਾਸ 11ਵੀਂ ਦੇ ਵਿਦਿਆਰਥੀ 17 ਸਾਲਾ ਅੰਸ਼ਰਾਜ ਸ੍ਰੀਵਾਸਤਵ ਦੀ ਲੱਭੀ ਗਈ ਸਾਈਬਰ ਤਕਨੀਕ ਨਾਲ।

ਅੰਸ਼ਰਾਜ ਸ੍ਰੀਵਾਸਤਵ ਨੇ ਇੱਕ ਸਾਲ ਤਕ ਖੋਜ ਕਰ ਕੇ ਅੱਠ ਡਿਜਿਟਸ ਦੇ ਅਜਿਹੇ ਵਨ ਟਾਈਮ ਪਾਸਵਰਡ (ਓ ਟੀਪੀ) ਦੀ ਤਕਨੀਕ ਲੱਭੀ, ਜਿਸ ਨੂੰ ਹੈਕਿੰਗ ਦੀਆਂ ਸਭ ਕੋਸ਼ਿਸ਼ਾਂ ਦੇ ਬਾਵਜੂਦ ਤੋੜਿਆ ਨਹੀਂ ਜਾ ਸਕਦਾ। ਫੇਸਬੁੱਕ ਅੱਗੇ ਤੋਂ ਆਪਣੇ ਯੂਜ਼ਰਸ ਨੂੰ ਛੇ ਨਹੀਂ, ਅੱਠ ਡਿਜਿਟਸ ਦਾ ਅਜਿਹਾ ਹੀ ਓ ਟੀ ਪੀ ਜਾਰੀ ਕਰ ਕੇ ਠੱਗਾਂ ਨੂੰ ਰੋਕੇਗਾ। ਇਸ ਬਾਰੇ ਅੰਸ਼ਰਾਜ ਨੇ ਕਿਹਾ ਕਿ ਕੋਰੋਨਾ ਕਾਲ ਦੌਰਾਨ ਜਦੋਂ ਪੂਰੀ ਦੁਨੀਆ ਦੇ ਲੋਕ ਘਰ ਵਿੱਚ ਰਹਿ ਕੇ ਤਣਾਅ ’ਚ ਜੀਅ ਰਹੇ ਸਨ ਤਾਂ ਉਸ ਨੇ ਫੇਸਬੁੱਕ ਯੂਜ਼ਰਸ ਦਾ ਅਕਾਊਂਟ ਸੁਰੱਖਿਅਤ ਰੱਖਣ ਬਾਰੇ ਖੋਜ ਕੀਤੀ। ਉਸ ਨੂੰ ਫੇਸਬੁੱਕ ਵੱਲੋਂ 15 ਲੱਖ ਰੁਪਏ ਦਾ ਇਨਾਮ ਅਤੇ ਈ-ਮੇਲ ਉੱਤੇ ਸਰਟੀਫਿਕੇਟ ਮਿਲਿਆ ਹੈ। ਅੰਸ਼ਰਾਜ, ਮੂਲ ਰੂਪ ’ਚ ਕਾਨਪੁਰ ਦਿਹਾਤ ਦੇ ਵਾਸੀ ਸੀਨੀਅਰ ਚਾਰਟਰਡ ਅਕਾਊਂਟੈਂਟ ਧਰਮਿੰਦਰ ਸ੍ਰੀਵਾਸਤਵ ਦਾ ਬੇਟਾ ਹੈ। ਫੇਸਬੁੱਕ ਵੱਲੋਂ ਭੇਜੇ ਗਏ ਇੱਕ ਈ-ਮੇਲ ਵਿੱਚ ਅੰਸ਼ਰਾਜ ਦਾ ਨਾਂਅ ਹਾਲ ਆਫ ਫੇਮ ਵਿੱਚ ਸ਼ਾਮਲ ਕਰਨ ਦੀ ਜਾਣਕਾਰੀ ਦਿੱਤੀ ਗਈ ਹੈ।

ਇਸ ਬਾਰੇ ਅੰਸ਼ਰਾਜ ਨੇ ਦੱਸਿਆ ਕਿ ਸਾਈਬਰ ਅਪਰਾਧੀਆਂ ਠੱਗਾਂ ਲਈ ਛੇ ਡਿਜਿਟ ਦਾ ਵਨ ਟਾਈਮ ਪਾਸਵਰਡ ਪਤਾ ਕਰਨ ਵਿੱਚ ਆਸਾਨੀ ਰਹਿੰਦੀ ਹੈ, ਕਿਉਂਕਿ ਓ ਟੀ ਪੀ ਛੇ ਡਿਜਿਟਸ ਦਾ ਸੀ, ਜਿਸ ਵਿੱਚ 0 ਤੋਂ ਨੌਂ ਤਕ ਇੱਕ ਕਰੋੜ ਨੰਬਰ ਜੁੜੇ ਸਨ ਤੇ ਇਸ ਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ ਉਸ ਤੋਂ ਵੱਧ ਸੀ।ਇਸ ਲਈ ਪਾਸਵਰਡ ਮੈਚ ਹੋਣ ਦਾ ਸ਼ੱਕ ਵੱਧ ਸੀ। ਉਨ੍ਹਾਂ ਕਿਹਾ ਕਿ ਜਦੋਂ ਪਾਸਵਰਡ ਦੇ ਡਿਜਿਟ ਵੱਧ ਹੋਣ ਤਾਂ ਉਨ੍ਹਾਂ ਨੂੰ ਡਿਕੋਟ ਕਰਨਾ ਮੁਸ਼ਕਲ ਹੁੰਦਾ ਹੈ। ਓ ਟੀ ਪੀ 15 ਡਿਜਿਟਸ ਤਕ ਵੀ ਕੀਤੇ ਜਾ ਸਕਦੇ ਸਨ, ਪਰ ਇਸ ਨਾਲ ਵਰਤਣ ਵਾਲਿਆਂ ਨੂੰ ਦਿੱਕਤ ਆਵੇਗੀ। ਅੰਸ਼ਰਾਜ ਦੇ ਮੁਤਾ-ਬਕ ਨਵੰਬਰ 2020 ਤੋਂ ਅਕਤੂਬਰ 2021 ਤੱਕ ਫੇਸਬੁਕ ਦੇ ਸਕਿਓਰਿਟੀ ਫੀਚਰ ਉੱਤੇ ਪਾਸਵਰਡ ਅਤੇ ਓ ਟੀ ਪੀ ਉੱਤੇ ਹੈਕਰ ਵਾਂਗ ਸੋਚ ਕੇ ਕੰਮ ਕੀਤਾ ਤਾ ਪਤਾ ਲੱਗਾ ਕਿ ਯੂਜ਼ਰਜ਼ ਦੇ ਈ-ਮੇਲ ਤੇ ਫੋਨ ਨੰਬਰ ਉੱਤੇ ਇੱਕ ਪਾਸਵਰਡ ਰੀਸੈਟ ਓ ਟੀ ਪੀ ਭੇਜਿਆ ਜਾਂਦਾ ਹੈ। ਇਸੇ ਮੌਕੇ ਹੈਕਰਸ ਅਕਾਊਂਟ ਹੈਕ ਕਰ ਲੈਂਦੇ ਹਨ। ਅੱਠ ਡਿਜਿਟ ਦਾ ਵਿਸ਼ੇਸ਼ ਓ ਟੀ ਪੀ ਤਿਆਰ ਕਰਨ ਉੱਤੇ ਅਕਾਊਂਟ ਹੈਕ ਨਹੀਂ ਕੀਤਾ ਜਾ ਸਕਿਆ। ਅੰਸ਼ਰਾਜ ਦੱਸਦੇ ਹਨ ਕਿ ਇਸੇ ਸਾਲ ਫਰਵਰੀ ਵਿੱਚ ਫੇਸਬੁੱਕ ਸੁਰੱਖਿਆ ਮੈਨੇਜਮੈਂਟ ਨੇ ਓ ਟੀ ਪੀ ਦੇ ਡਿਜਿਟ ਵਧਾਉਣ ਦੀ ਤਜਵੀਜ਼ ਮੰਨ ਕੇ ਫੀਚਰ ਵਿੱਚ ਅਪਡੇਟ ਕੀਤਾ ਤਾਂ ਦੇਖਾਦੇਖੀ ਦੂਜੀ ਮੀਡੀਆ ਸਾਈਟਾਂ ਨੇ ਵੀ ਅੱਠ ਡਿਜਿਟ ਦੇ ਓ ਟੀ ਪੀ ਸ਼ੁਰੂ ਕੀਤਾ।


## ਸ਼ਹੀਦੀ ਸਮਾਗਮ

### ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸ਼ਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਮਾਛੀਵਾੜੇ ਸਾਹਿਬ ਦੀ ਧਰਤੀ ’ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਅਤੇ ਸ਼ਹੀਦ ਹੋਏ ਸਾਰੇ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਦਿਨ ਵੀਰਵਾਰ ਨੂੰ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਦਿਨ ਸ਼ਨੀਵਾਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤ ਤਿੰਨ ਦਿਨ ਗੁਰੂ ਘਰ ਦੀਆਂ ਹੁੰਮ ਹੁਮਾ ਕੇ ਪਹੁੰਚਣ ਦੀ ਕਿਰਪਾਲਤਾ ਕਰੋ!

ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਗੜ੍ਹੀ- 647-207-1887 ਸਤਪਾਲ ਸਿੰਘ ਗਰੇਵਾਲ ਨੂੰ 519-405-0075 , ਜਸਵੰਤ ਸਿੰਘ ਰਜ਼ੂਲ 647-856-9612 ਜਾਂ ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 647-400-9991 ਨੂੰ ਸੰਪਰਕ ਕਰੋ ਜੀ।


ਸਿੱਖਾਂ ਵਿਰੁੱਧ ਨਫ਼ਰਤੀ ਬਿਆਨ ਦਾ ਮਾਮਲਾ:

## ਦਿੱਲੀ ਵਿਧਾਨ ਸਭਾ ਦੇ ਪੈਨਲ ਅੱਗੇ ਪੇਸ਼ੀ ਲਈ ਕੰਗਨਾ ਰਣੌਤ ਨੇ ਹੋਰ ਸਮਾਂ ਮੰਗਿਆ

ਨਵੀਂ ਦਿੱਲੀ, 7 ਦਸੰਬਰ (ਪੋਸਟ ਬਿਊਰੋ)- ਕੰਗਨਾ ਰਣੌਤ ਨੇ ਦਿੱਲੀ ਵਿਧਾਨ ਸਭਾ ਦੀ ਪੀਸ ਐਂਡ ਹਾਰਮਨੀ ਕਮੇਟੀ ਦੇ ਸਾਹਮਣੇ ਪੇਸ਼ ਹੋਣ ਲਈ ਹੋਰ ਸਮਾਂ ਮੰਗ ਲਿਆ ਹੈ।

ਇਸ ਬਾਰੇ ਦਿੱਲੀ ਵਿਧਾਨ ਸਭਾ ਦੀ ਸ਼ਾਂਤੀ ਅਤੇ ਸਦਭਾਵਨਾ ਕਮੇਟੀ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਰਾਘਵ ਚੱਢਾ ਨੇ ਕਿਹਾ ਕਿ ਕੰਗਨਾ ਰਣੌਤ ਦੇ ਵਕੀਲ ਨੇ ਪੱਤਰ ਲਿਖ ਕੇ ਸੂਚਿਤ ਕੀਤਾ ਹੈ ਕਿ ਕੰਗਨਾ ਨਿੱਜੀ ਤੇ ਪੇਸ਼ੇਵਰ ਕਾਰਨਾਂ ਕਰ ਕੇ ਕੱਲ੍ਹ ਨਹੀਂ ਆ ਸਕਦੀ। ਕੰਗਨਾ ਨੇ ਕੁਝ ਹਫ਼ਤਿਆਂ ਦਾ ਸਮਾਂ ਮੰਗਿਆ ਹੈ। ਕੱਲ੍ਹ ਦੀ ਮੀਟਿੰਗ ਮੁਲਤਵੀ ਕਰ ਦਿੱਤੀ ਹੈ ਅਤੇ ਉਸ ਦੇ ਕਹਿਣ ਉੱਤੇ ਕਮੇਟੀ ਅਪਣਾ ਫ਼ੈਸਲਾ ਲੈ ਕੇ ਉਸ ਨੂੰ ਸੂਚਿਤ ਕਰੇਗੀ। ਵਰਨਣ ਯੋਗ ਹੈ ਕਿ ਅਭਿਨੇਤਰੀ ਕੰਗਨਾ ਵੱਲੋਂ ਲਗਾਤਾਰ ਸੋਸ਼ਲ ਮੀਡੀਆ ਉੱਤੇ ਸਿੱਖਾਂ ਵਿਰੁੱਧ ਨਫ਼ਰਤ ਭਰੇ ਬਿਆਨ ਦਿੱਤੇ ਗਏ ਹਨ। ਕਮੇਟੀ ਨੂੰ ਮਿਲੀਆਂ ਸ਼ਿਕਾਇਤਾਂ ਉੱਤੇ ਦਿੱਲੀ ਵਿਧਾਨ ਸਭਾ ਦੀ ਪੀਸ ਐਂਡ ਹਾਰਮਨੀ ਕਮੇਟੀ ਨੇ ਕੰਗਨਾ ਰਣੌਤ ਨੂੰ ਨੋਟਿਸ ਭੇਜਿਆ ਹੈ। ਅਭਿਨੇਤਰੀ ਨੂੰ ਭੇਜੇ ਨੋਟਿਸ ਵਿੱਚ ਉਸ ਨੂੰ 6 ਦਸੰਬਰ ਨੂੰ ਕਮੇਟੀ ਦੇ ਸਾਹਮਣੇ ਪੇਸ਼ ਹੋਣ ਲਈ ਕਿਹਾ ਗਿਆ ਸੀ। ਕੰਗਨਾ ਅਕਸਰ ਆਪਣੇ ਵਿਵਾਦਤ ਬਿਆਨਾਂ ਕਾਰਨ ਸੁਰਖੀਆਂ ਵਿੱਚ ਰਹਿੰਦੀ ਹੈ। ਉਸ ਨੇ ਤਿੰਨ ਖੇਤੀ ਕਾਨੂੰਨਾਂ ਦਾ ਵਿਰੋਧ ਕਰਨ ਵਾਲੇ ਕਿਸਾਨਾਂ ਨੂੰ ਲੈ ਕੇ ਵੀ ਵਿਵਾਦਤ ਬਿਆਨ ਦਿੱਤਾ ਸੀ, ਜਿਸ ਕਾਰਨ ਉਸ ਦੀ ਕਾਫ਼ੀ ਆਲੋਚਨਾ ਹੋਈ।

## ਮਿਆਂਮਾਰ ਦੀ ਅਦਾਲਤ ਵੱਲੋਂ ਸੂ ਕੀ ਨੂੰ ਚਾਰ ਸਾਲ ਦੀ ਕੈਦ

ਬੈਂਕਾਕ, 7 ਦਸੰਬਰ (ਪੋਸਟ ਬਿਊਰੋ)- ਮਿਆਂਮਾਰ ਦੀ ਰਾਜਧਾਨੀ ਦੀ ਇੱਕ ਵਿਸ਼ੇਸ਼ ਅਦਾਲਤ ਨੇ ਕੱਲ੍ਹ ਬੇਦਖ਼ਲ ਨੇਤਾ ਆਂਗ ਸਾਨ ਸੂ ਕੀ ਨੂੰ ਲੋਕਾਂ ਨੂੰ ਭੜਕਾਉਣ ਅਤੇ ਕੋਰੋਨਾ ਵਾਇਰਸ ਪਾਬੰਦੀਆਂ ਦੀ ਉਲੰਘਣਾ ਕਰਨ ਦਾ ਦੋਸ਼ੀ ਮੰਨਦੇ ਹੋਏ ਚਾਰ ਸਾਲ ਦੀ ਸਜ਼ਾ ਸੁਣਾਈ ਹੈ। ਇੱਕ ਕਾਨੂੰਨੀ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ ਹੈ।

ਇਹ ਸਜ਼ਾ ਦੇਸ਼ ਦੀ ਸੱਤਾ ਉੱਤੇ ਫ਼ੌਜ ਦੇ 1 ਫ਼ਰਵਰੀ ਨੂੰ ਕਾਬਜ਼ ਹੋਣ ਤੋਂ ਬਾਅਦ 76 ਸਾਲਾ ਨੋਬੇਲ ਇਨਾਮ ਜੇਤੂਸੂ ਕੀ ਉੱਤੇ ਚਲਾਏ ਜਾ ਰਹੇ ਕਈ ਕੇਸ ਵਿੱਚੋਂ ਪਹਿਲੇ ਕੇਸ ਵਿੱਚ ਸੁਣਾਈ ਗਈ ਹੈ।ਫ਼ੌਜੀ ਤਖ਼ਤਾਪਲਟ ਨੇ ਸੂ ਕੀ ਦੀ ਨੈਸ਼ਨਲ ਲੀਗ ਫ਼ਾਰ ਡੈਮੋਕਰੇਸੀ ਪਾਰਟੀ ਦੀ ਸਰਕਾਰ ਨੂੰ ਆਪਣਾ ਦੂਜਾ ਪੰਜ ਸਾਲਾ ਰਾਜ ਸ਼ੁਰੂ ਕਰਨ ਤੋਂ ਰੋਕ ਦਿੱਤਾ ਸੀ। ਉਸ ਵਿਰੁੱਧ ਇੱਕ ਹੋਰ ਕੇਸ ਦਾ ਫ਼ੈਸਲਾ ਅਗਲੇ ਹਫ਼ਤੇ ਆਉਣ ਦੀ ਆਸ ਹੈ। ਸੂ ਕੀ ਸਾਰੇ ਕੇਸਾਂ ਵਿੱਚ ਦੋਸ਼ੀ ਪਾਈ ਗਈ ਤਾਂ ਉਸ ਨੂੰ 100 ਸਾਲ ਤੋਂ ਵੱਧ ਸਜ਼ਾ ਹੋ ਸਕਦੀ ਹੈ। ਕਾਨੂੰਨੀ ਅਧਿਕਾਰੀ ਨੇ ਕਿਹਾ ਕਿ ਅਦਾਲਤ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਸੂ ਕੀ ਨੂੰ ਜੇਲ੍ਹ ਵਿੱਚ ਰੱਖਿਆ ਜਾਵੇਗਾ ਜਾਂ ਨਜ਼ਰਬੰਦ ਰੱਖਿਆ ਜਾਵੇਗਾ। ਲੋਕਤੰਤਰ ਲਈ ਆਪਣੇ ਲੰਮੇ ਸੰਘਰਸ਼ ਵਿੱਚ ਉਸ ਨੇ 1989 ਤੋਂ 15 ਸਾਲ ਘਰ ਵਿੱਚ ਨਜ਼ਰਬੰਦੀ ’ਚ ਬਿਤਾਏ ਹਨ।

